ਆਪੋ ਆਪਣੇ ਦਰਿਆ : ਆਰੰਭਕ ਸ਼ਬਦ

"ਆਪੋ ਆਪਣੇ ਦਰਿਆ", 2015 ਵਿਚ ਪ੍ਰਕਾਸ਼ਤ ਹੋਇਆ, ਮੇਰਾ ਤੇਰਵਾਂ ਕਾਵਿ-ਨਾਟਕ ਹੈ।

ਸਮੇਂ ਦਾ ਦਰਿਆ ਨਿਰੰਤਰ ਵਹਿ ਰਿਹਾ ਹੈ। ਇਸ ਦੇ ਵਹਿਣਾਂ ਵਿਚ, ਕੱਲੇ ਕੱਲੇ, ਪੱਤਰ ਤੈਰ ਰਹੇ ਹਨ। ਇਨ੍ਹਾਂ ਪੱਤਰਾਂ ਦੇ ਆਪੋ ਆਪਣੇ ਦਰਿਆ ਹਨ। ਨਿੱਕੇ ਜਾਂ ਵੱਡੇ, ਆਪੋ ਆਪਣੇ ਆਕਾਰ ਹਨ, ਦਾਇਰੇ ਹਨ। ਇਹ ਪੱਤਰ ਇਕ ਦੂਜੇ ਤੋਂ ਨਿਵੇਕਲੇ, ਅਲੱਗ ਅਲੱਗ ਅਤੇ ਟੁੱਟੇ ਹੋਏ ਪ੍ਰਤੀਤ ਹੋਣ ਦੇ ਬਾਵਜੂਦ ਵੀ, ਸਮੇਂ ਦੇ ਅਜੋਕੇ ਵਹਿਣ ਦੀ ਸਾਂਝ ਵਿਚ ਬੱਝੇ ਹੋਏ ਹਨ।

"ਆਪੋ ਆਪਣੇ ਦਰਿਆ" ਇਨ੍ਹਾਂ ਨਿਵੇਕਲੇ ਪੱਤਰਾਂ ਦੇ ਅਸਤਿਤਵੀ ਸਰੋਕਾਰਾਂ ਦੀ ਹੀ, ਇਕ ਨਿਵੇਕਲੀ ਪੇਸ਼ਕਾਰੀ ਹੈ। ਇਸ ਕਾਵਿ-ਨਾਟਕ ਦਾ ਨਾਮ ਜਾਂ ਸ਼ੀਰਸ਼ਕ ਪ੍ਰਤੀਕਾਤਮਕ ਹੈ, ਜੁ ਅਜੋਕੇ ਸਮੇਂ ਦੇ ਵਹਿਣਾਂ ਵਿਚ, ਇਨ੍ਹਾਂ ਪੱਤਰਾਂ ਦੀ ਨਿਵੇਕਲਤਾ ਨੂੰ ਕਾਇਮ ਰੱਖਦਿਆਂ ਹੋਇਆਂ ਵੀ, ਅਜੋਕੇ ਸਮੇਂ ਦੀ ਸਮੁੱਚੀ ਗਤੀ ਨੂੰ, ਇਕ ਇਕਾਈ ਦੇ ਰੂਪ ਵਿਚ ਪਕੜਦਾ ਤੇ ਪ੍ਰਸਤੁਤ ਕਰਦਾ ਹੈ। ਇਸ ਕਾਵਿ-ਨਾਟਕ ਦਾ ਅੰਤਮ ਦ੍ਰਿਸ਼ 'ਕੋਡਾ'[1] ਵੀ ਇਸ ਦੇ ਸਮੁੱਚੇ ਪਾਸਾਰ ਨੂੰ ਆਪਣੇ ਵਿਚ ਸਮੇਟ ਲੈਂਦਾ ਹੈ।

ਇਸ ਸਮੇਂ, ਹੇਠ ਲਿਖੇ ਮੁੱਦੇ, ਬਾਰ ਬਾਰ, ਮੇਰੇ ਚਿੰਤਨ-ਮੰਥਨ ਵਿਚ ਉੱਭਰਦੇ ਰਹੇ ਹਨ :

1. ਚਿੰਤਨ, ਦਰਸ਼ਨ, ਨੀਤੀ
2. ਪੁਰਾਣੇ ਤੇ ਨਵੇਂ ਸੰਕਲਪਾਂ ਵਿਚਕਾਰ ਤਣਾਓ ਤੇ ਸਹਿਹੋਂਦ

---

1. ਕੋਡਾ : ਨਾਟਕ ਦਾ ਅੰਤਮ ਦ੍ਰਿਸ਼, ਸਾਰ-ਅੰਸ਼ : CODA : Concluding part of the play

3. ਪੀੜ੍ਹੀ-ਪਾੜਾ ਤੇ ਵਿਕਾਸ, ਅੰਤਰਕਿਰਿਆ
4. ਸਿਆਸਤ ਦਾ ਕਾਲਾ ਬਾਜ਼ਾਰ, ਭ੍ਰਿਸ਼ਟਾਚਾਰ, ਟੱਬਰੀਕਰਨ
5. ਨਸ਼ਿਆਂ ਦਾ ਪ੍ਰਸਾਰ, ਤਸਕਰੀ
6. ਸ਼ਾਦੀ ਦੀ ਸੰਸਥਾ ਦਾ ਤਿਥੀ-ਮੁਕਤ[1] ਹੋਣ ਵਲ ਝੁਕਾਅ
7. ਪਰਵਾਰਕ ਸੰਗਠਨ ਦੇ ਵਿਭਾਜਨ ਦਾ ਸੁਤੰਤਰ ਪਰ ਛਿਣ-ਭੰਗਰੇ ਰਿਸ਼ਤਿਆਂ ਵਿਚ ਹੋ ਰਿਹਾ ਕਾਇਆਕਲਪ
8. ਇਸਤਰੀ ਪੁਰਖ ਸੰਬੰਧਾ ਦੇ ਨਵੇਂ ਸਮੀਕਰਨ
9. ਦੇਹ-ਵਿਓਪਾਰ
10. ਇਨਸਾਨੀ ਰਿਸ਼ਤਿਆਂ ਦੀ ਨਵੀਂ ਪਰਿਭਾਸ਼ਾ, ਮੌਤ ਦਾ ਹੱਕ[2], ਤਰਸਮਾਰ[3]
12. ਅਪਰਾਥ-ਗ੍ਰੰਥੀਆਂ, ਮਨੋਗੁੰਝਲਾਂ
11. ਉਲਾਰ ਕਾਮ-ਪਰਵਿਰਤੀਆਂ, ਬਲਾਤਾਕਾਰ, ਗੈਂਗ-ਰੇਪ
13. ਅਜੋਕਾ ਸਮਾਂ ਤੇ ਸਾਹਿਤ - ਆਦਿ

ਏਥੇ ਇਸ ਕਾਵਿ-ਨਾਟਕ ਵਿੱਚੋਂ ਕੁਝ ਹਵਾਲੇ ਦੇਣੇ ਜ਼ਰੂਰੀ ਜਾਪਦੇ ਹਨ :

1. ਖੁੱਲ੍ਹੇ ਹੋਏ ਦਰ ਵਿਚ ਅਟਕੀ ਹੋਈ,
ਇਹ ਵਿਥਿਆ ਹੈ ਦੀਵਾਰਾਂ ਦੀ।
ਕੁਝ ਫੁੱਲਾਂ ਦੀ ਕੁਝ ਮਹਿਕਾਂ ਦੀ,
ਕੁਝ ਮਘਦੇ ਹੋਏ ਅੰਗਿਆਰਾਂ ਦੀ।

2. ਜੀਵਨ ਵਿਚ ਦੁਸ਼ਮਣ ਵੀ ਆਏ,
ਇਹ ਬਸਤੀ ਸੀ ਪਰ ਯਾਰਾਂ ਦੀ।

3. ਹੁਣ ਘਰ ਹੈ ਪਰ ਘਰ-ਵਾਸ ਨਹੀਂ,
ਇਹ ਵਿਥਿਆ ਹੈ ਘਰ-ਮਾਰਾਂ ਦੀ।

4. ਰਸਤੇ ਬਾਹਰ ਨਹੀਂ ਹੁੰਦੇ, ਪਰ
ਚਸ਼ਮੇਂ ਵਾਂਗੂੰ ਅੰਦਰੋਂ ਫੁੱਟਦੇ।

1. ਤਿਥੀ-ਮੁਕਤ : ਵੇਲਾ ਵਿਹਾ ਚੁੱਕੀ, Outdated
2. ਮੌਤ ਦਾ ਹੱਕ : Right to die
3. ਤਰਸ-ਮਾਰ : Mercy Killing, Doctor assisted suicide

5. ਪਤੀ ਹੱਥੋਂ ਪਤਨੀ ਦਾ ਰੇਪ,
ਘਰ ਦੀ ਕੈਸੀ ਲੈਂਡ-ਸਕੇਪ ?

6. ਨੱਚਣ ਗਾਉਣ 'ਚ ਯੁਵਕ ਡੁੱਬ ਗਏ,
ਕਾਮ-ਖੇਡ 'ਚ ਨੱਕ ਤਕ ਖੁੱਭ ਗਏ।
ਕਾਮ ਹੀ ਕੀ ਇਸ ਯੁੱਗ ਦਾ ਦਰਸ਼ਨ ?

7. ਟੁਕੜਿਆਂ ਦੇ ਵਿਚ ਬੀਤੇ ਜੀਵਨ,
ਟੁਕੜੇ, ਟੁਕੜੇ ਹੈ ਵਿਵਹਾਰ।

8. ਕੋਈ ਦਰਸ਼ਨ ਨਹੀਂ ਬਣਿਆ ਅੱਜ ਤਕ,
ਅੰਤਮ ਹੱਲ ਤੇ ਅੰਤਮ ਰਾਹ।
ਸਦਾ-ਵਿਕਾਸ ਅਵਸਥਾ ਅੰਦਰ,
ਪਗਡੰਡੀਆਂ ਸਭ, ਸਭ ਸ਼ਾਹਰਾਹ।

9. ਪਿੰਡੋਂ ਗਏ ਨੂੰ ਖਿੱਚ ਸ਼ਹਿਰ ਦੀ,
ਸ਼ਹਿਰੀ ਲੱਭਦੇ ਪਏ ਇਕੱਲ।
'ਝੀਲ ਦਾ ਕੰਢਾ', 'ਵਣ ਦੀ ਦੁਨੀਆਂ',
ਕਹਿਣ : "ਮਨਾਂ ਏਥੋਂ ਭੱਜ ਚੱਲ।"

10. ਕਾਮ-ਪੂਰਤੀ ਲਈ ਇਕ ਸਿੱਧਾ,
ਸੌਖਾ, ਸਸਤਾ, ਰਸਤਾ ਵਿਆਹ।
ਘਰ ਦੀ ਕੁਕੜੀ ਦਾਲ ਬਰਾਬਰ,
ਜਦ ਦਿਲ ਕੀਤਾ, ਲਈਏ ਢਾਹ।

11. ਬਰਖਾ ਤੇ ਧਰਤੀ ਦਾ ਰਿਸ਼ਤਾ,
ਵੀ ਤਾਂ ਹੈ ਬਸ ਕਾਮ ਜਿਹਾ।
ਬੀ ਪੁੰਗਰਨ ਤੇ ਮੌਲੇ ਧਰਤੀ,
ਧਰਤੀ-ਨਾਂ, ਮਾਂ-ਨਾਮ ਜਿਹਾ।

12. ਪਸ਼ੂ-ਕਰਮ ਹੀ ਬਣ ਜਾਂਦਾ ਹੈ,
ਮਨ-ਮੇਲੇ ਤੋਂ ਬਿਨ ਸੰਭੋਗ।

ਬਲਾਤਕਾਰ ਤੇ ਗੈਂਗ-ਰੇਪ ਵੀ,
ਕਾਮ-ਭੁੱਖ 'ਚੋਂ ਨਿਕਲੇ ਰੋਗ।

13. ਜਿੱਥੇ ਬੁੱਢੀ ਸੋਚ ਖੜੋਵੇ,
ਉੱਥੋਂ ਤੁਰਦੀ ਹੈ ਸੰਤਾਨ।

14. ਬੀ 'ਚੋਂ ਜੰਮਦਾ ਹਰ ਰੁੱਖ ਵਣ ਦਾ,
ਜੰਮ ਕੇ ਲੱਭਦਾ ਆਪਣਾ ਰਾਹ।
ਬੁੱਢੜੇ ਰੁੱਖ ਨੇ ਸੜ ਸੁੱਕ ਜਾਣਾ,
ਰਸਤਾ ਨਵਾਂ ਨਾ ਸਕੇ ਵਿਖਾ।

15. ਧਰਤੀ 'ਤੇ ਅਸਮਾਨ ਹੁੰਦੇ,
ਕੱਲੇ ਰੁੱਖ ਤੇ ਕੱਲੇ ਤਾਰੇ।

16. ਤੁਰ ਫਿਰ ਮੇਲਾ ਵੇਖਣ ਸਾਰੇ,
ਨਵੀਂ ਨਾਰ ਦੇ ਨਵੇਂ ਨਜ਼ਾਰੇ।
ਕਿਹੜਾ ਕਿਸ ਨਾਲ ਬੱਝਾ ਏਥੇ ?
ਘੁੰਮਦੀ ਧਰਤੀ, ਟੁੱਟਦੇ ਤਾਰੇ।

17. ਬਰਖਾ-ਰੁੱਤ ਦੇ ਡੱਡੂ ਵਾਂਗੂੰ,
ਆਪਣਾ ਰਾਗ ਅਲਾਵੇਂ।

18. ਤੀਰ ਚਲਾਇਆ 'ਨੇਰ੍ਹੇ ਵਿਚ ਤੂੰ,
ਖਾਲੀ ਤੇਰੀ ਕਮਾਨ।
ਸਿਖਰ-ਸੰਤੋਖ ਦੇ ਤਰਸੇਵੇਂ 'ਚੋਂ,
ਉਪਜੀ ਫਿਰ ਸੰਤਾਨ।

19. ਆਪਣੀ ਹੀ ਸੁਰ ਕੱਢੀ ਤੂੰ ਤੇ
ਦੂਜੀ ਦੀ ਨਾ ਜਾਣੀ।
ਨਾ ਤੂੰ ਮੇਰੇ ਤਨ ਦਾ ਹਾਣੀ,
ਨਾ ਤੂੰ ਮੇਰੇ ਮਨ ਦਾ ਹਾਣੀ।

20. ਕਾਮ 'ਚ ਕੋਈ ਵਾਦ ਨਹੀਂ ਹੁੰਦਾ,
ਪ੍ਰਗਤੀਵਾਦ ਨਾ ਆਸ਼ਾਵਾਦ।
ਨਾ ਹੀ ਇਸ ਵਿਚ ਭੁੱਲ-ਭੁਲੱਈਆਂ,
ਨਾ ਹੀ ਕੋਈ ਨਿਰਾਸ਼ਾਵਾਦ।

21. ਇਸ ਯੁੱਗ ਦਾ ਮਾਨਵ ਹੈ ਕੱਲਾ,
ਪੰਡਤ, ਪੈਗ਼ੰਬਰ ਤੇ ਝੱਲਾ।

22. ਨਕਦੀ ਅਤੇ ਬੋਤਲਾਂ ਦੇ ਕੇ,
ਵੋਟਰਾਂ ਦੇ ਜੱਸ ਖੱਟਦੇ ਹੋ।
ਨੀਤੀ ਵਿਚ ਹੋ ਬਾਣੀਏ ਪੂਰੇ,
ਪੁੱਤ ਫੇਰ ਵੀ ਜੱਟ ਦੇ ਹੋ।

23. ਕੀ ਸਿਆਸਤ ਵੀ ਉਸ ਲਈ,
ਕੰਜਰੀ ਦਾ ਕੋਠਾ ਹੈ ?
ਦੱਲਿਆਂ ਦੀ ਮੰਡੀ ਹੈ ?

24. ਇਸ ਯੁੱਗ ਦਾ ਕੈਸਾ ਇਨਸਾਨ!
ਅਧੂਰਾ ਰੱਬ, ਪੂਰਾ ਸ਼ੈਤਾਨ !!!

25. ਨਰਕ ਹੈ ਇਹ, ਇਹ ਜੀਵਨ ਨਹੀਂ ਹੈ,
ਆਪੇ ਦਾ ਜਦ ਪਤਾ ਨਾ ਰਹਿੰਦਾ।
ਤਰਸ-ਮਾਰ1 ਇਲਾਜ ਏਸ ਦਾ,
ਮੁਕਤੀ ਅਤੇ ਸਹਾਰਾ ਇਸ ਦਾ।
ਸੁੱਕੀ ਨਦੀ 'ਚ ਸੋਕਾ ਵੱਸਦਾ,
ਉੱਜੜਿਆ ਹਰ ਕਿਨਾਰਾ ਇਸ ਦਾ।

26. ਛਿਣ ਦੇ ਰਿਸ਼ਤੇ ਤੂੰ ਕੀ ਜਾਣੇ ?
ਬੇ-ਬੰਧਨ ਤੇ ਖੁੱਲ੍ਹੀਆਂ ਚੋਗਾਂ,
ਅੱਜ ਦਾ ਪੰਛੀ ਰੱਜ, ਰੱਜ ਮਾਣੇ।

1. ਤਰਸ-ਮਾਰ : Mercy Killing, Doctor assisted suicide

27. ਸ਼ਾਦੀ ਵੀ ਲਾਇਸੈਂਸ ਕਾਮ ਦਾ,
ਤਿਥੀ-ਮੁਕਤ ਰਿਵਾਜ ਤੇਰਾ।
ਸ਼ਾਦੀ ਬਿਨ ਬੱਚੇ ਪਏ ਜੰਮਣ,
ਬਦਲ ਰਿਹਾ ਸਮਾਜ ਤੇਰਾ।

28. ਫੱਟੀ ਅਤੇ ਸਲੇਟ ਦੇ ਯੁੱਗ ਦਾ,
ਇਹ ਬੁੱਢੜਾ ਦੱਸੋ ਕੀ ਜਾਣੇ ?
ਕੰਪਿਊਟਰ ਦੇ ਇਸ ਯੁੱਗ ਅੰਦਰ,
ਨਸਲਾਂ ਬਦਲਣ ਅੱਜ ਮਸ਼ੀਨਾਂ !

29. ਟੁਕੜਿਆਂ ਵਿਚ ਮੈਂ ਵੰਡੀ ਹੋਈ,
ਟੁਕੜਿਆਂ ਵਿਚ ਮੋਹ, ਕਾਮ ਮੇਰਾ।
ਟੁਕੜਾ, ਟੁਕੜਾ ਚੁਗਦੀ ਫਿਰਦੀ,
ਜਿਸ ਟੁਕੜੇ 'ਤੇ ਨਾਮ ਮੇਰਾ।
...
ਭਟਕਣ ਦੀ ਮੰਜ਼ਲ ਹੈ ਭਟਕਣ,
ਭਟਕਣ ਹੀ ਹੈ ਨਾਮ ਮੇਰਾ !!!

30. ਪੱਤਾ, ਪੱਤਾ ਬਿਰਖ,
ਪਾਣੀਏਂ ਕਿਰੇ ਪਿਆ।
ਹਰ ਪੱਤਰ ਦਾ
ਆਪੋ ਆਪਣਾ ਹੈ ਦਰਿਆ।

ਆਪਣਾ ਪਹਿਲਾ ਕਾਵਿ-ਨਾਟਕ : "ਬੀਮਾਰ ਸਦੀ", ਮੈਂ, ਕੀਨੀਆਂ ਵਿੱਚ ਰਹਿੰਦਿਆਂ, 1973 ਵਿਚ ਲਿਖਿਆ ਸੀ। 1974 ਵਿਚ ਇਹ ਪ੍ਰਕਾਸ਼ਤ ਹੋਇਆ ਅਤੇ 1976 ਵਿਚ, ਇਹ ਪ੍ਰਸਿੱਧ ਆਧੁਨਿਕ ਰੰਗਕਰਮੀਂ ਤੇ ਨਾਟਕਕਾਰ ਡਾ. ਸੁਰਜੀਤ ਸਿੰਘ ਸੇਠੀ ਦੇ ਨਿਰਦੇਸ਼ਨ ਹੇਠ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਵਿਚ ਖੇਡਿਆ ਗਿਆ।

"ਆਪੋ ਆਪਣੇ ਦਰਿਆ" ਸਮੇਤ ਹੁਣ ਤਕ ਮੈਂ 13 ਕਾਵਿ-ਨਾਟਕ ਪ੍ਰਕਾਸ਼ਤ ਕੀਤੇ ਹਨ। ਇਨ੍ਹਾਂ ਵਿਚੋਂ ਹੇਠ ਲਿਖੇ 11 ਕਾਵਿ-ਨਾਟਕ, ਡਾ. ਸੁਰਜੀਤ ਸਿੰਘ ਸੇਠੀ, ਗੁਰਸ਼ਰਨ ਸਿੰਘ, ਅਜਮੇਰ ਔਲਖ, ਡਾ. ਸਾਹਿਬ ਸਿੰਘ (ਹੀਰ), ਕੇਵਲ ਧਾਲੀਵਾਲ, ਸੁਭਾਸ਼ ਪੁਰੀ, ਪ੍ਰੀਤਮ ਸਿੰਘ ਢੀਂਡਸਾ, ਡਾ. ਮਨਜੀਤਪਾਲ ਕੌਰ ਅਤੇ ਪ੍ਰੋ. ਰਤਨ ਸਿੰਘ ਢਿੱਲੋਂ ਵਰਗੇ ਨਾਮਵਰ ਰੰਗਕਰਮੀਆਂ ਤੇ ਨਾਟਕਕਾਰਾਂ ਦੇ ਨਿਰਦੇਸ਼ਨ ਹੇਠ ਭਾਰਤ ਵਿਚ ਖੇਡੇ ਜਾ ਚੁੱਕੇ ਹਨ :

1. ਬੀਮਾਰ ਸਦੀ (1964)
2. ਅੱਧੀ ਰਾਤ ਦੁਪਹਿਰ (1983)
3. ਚੌਕ ਨਾਟਕ (1984)
4. ਰੂਹ ਪੰਜਾਬ ਦੀ (19840
5. ਸਿਫ਼ਰ ਨਾਟਕ (1987)
6. ਤਿੰਨ ਨਾਟਕ (1990) : ਮੱਕੜੀ ਨਾਟਕ (1989), ਪਛਾਣ ਨਾਟਕ (1990), ਰੁਕੇ ਹੋਏ ਯਥਾਰਥ (1990)
7. ਮਨ ਦੇ ਹਾਣੀ (2005)
8. ਮਖੌਟੇ ਤੇ ਹਾਦਸੇ (2009)
9. ਚੱਕਰਵਯੂਹ ਤੇ ਪਿਰਾਮਿਡ (2010)

ਇਨ੍ਹਾਂ ਕਾਵਿ-ਨਾਟਕਾਂ ਦੇ ਪ੍ਰਕਾਸ਼ਨ-ਸਾਲ ਬਰੈਕਟਾਂ ਵਿਚ ਦਿੱਤੇ ਗਏ ਹਨ ਅਤੇ ਇਨ੍ਹਾਂ ਦੇ ਮੰਚਨ ਦੇ ਵੇਰਵੇ, ਇਸ ਪੁਸਤਕ ਦੇ "ਮੇਰੇ ਕਾਵਿ-ਨਾਟਕਾਂ ਦਾ ਮੰਚਨ" ਭਾਗ ਵਿਚ ਦਰਜ ਕੀਤੇ ਗਏ ਹਨ।

2015 ਵਿਚ, "ਆਪੋ ਆਪਣੇ ਦਰਿਆ" ਦੇ ਪ੍ਰਕਾਸ਼ਨ ਨਾਲ, ਮੈਂ ਆਪਣੇ ਕਾਵਿ-ਨਾਟਕੀ ਸਫ਼ਰ ਦੇ 42 ਕੁ ਵਰ੍ਹੇ ਪੂਰੇ ਕਰ ਰਿਹਾ ਹਾਂ। ਇਸੇ ਤਰ੍ਹਾਂ 1976 ਵਿਚ ਆਰੰਭ ਹੋਏ, ਮੇਰੇ ਕਾਵਿ-ਨਾਟਕਾਂ ਦੇ ਮੰਚਨ ਦੇ, ਥੀਏਟਰੀਕਲ ਸਫ਼ਰ ਦੇ ਵੀ, 2013 ਤਕ, 37 ਸਾਲ ਪੂਰੇ ਹੋ ਚੁੱਕੇ ਹਨ।

"ਆਪੋ ਆਪਣੇ ਦਰਿਆ" ਪੁਸਤਕ ਵਿਚ ਵੀ, ਮੈਂ ਆਪਣੇ ਪਹਿਲੇ ਕਾਵਿ-ਨਾਟਕਾਂ ਵਾਂਗ ਹੀ, ਇਸ ਕਾਵਿ-ਨਾਟਕ ਦੀ ਸਕ੍ਰਿਪਟ ਦੇ ਨਾਲ ਹੀ, ਇਸ ਦੇ ਮੰਚਨ ਲਈ ਕੁਝ ਸੁਝਾਅ ਜਾਂ ਨਿਰਦੇਸ਼ ਵੀ ਦਿੱਤੇ ਹਨ। ਸਿਨਮੈਟਿਕ ਤੇ ਵੀਡੀਓ, ਟੀ.ਵੀ. ਤਕਨੀਕ ਜਾਂ ਕੰਪਿਊਟਰੀ ਯੁਕਤੀਆਂ ਤੋਂ ਬਿਨਾਂ ਵੀ, ਇਸ ਕਾਵਿ-ਨਾਟਕ ਨੂੰ ਢੁੱਕਵੇਂ ਦਰਸ਼ਨੀ ਪ੍ਰਭਾਵਾਂ, ਡੀਜ਼ਾਈਨਿੰਗ, ਮੰਚ-ਸੱਜਾ, ਚੱਲ-ਚਿਤਰਾਂ, ਪ੍ਰਤੀਧੁਨੀਆਂ ਅਤੇ ਰੌਸ਼ਨੀ ਤੇ ਧੁਨੀ ਪ੍ਰਭਾਵਾਂ ਆਦਿ ਦੀ ਯੋਗ ਵਰਤੋਂ ਨਾਲ ਸਫਲਤਾ ਸਹਿਤ ਖੇਡਿਆ ਜਾ ਸਕਦਾ ਹੈ।

ਇਸ ਕਾਵਿ-ਨਾਟਕ ਦੇ ਮੰਚਨ ਲਈ, ਨਿਰਦੇਸ਼ਕ ਨੂੰ ਵੀ, ਆਪਣੀ ਕਲਪਨਾ-ਸ਼ਕਤੀ ਅਤੇ ਸਿਰਜਨਾਤਮਕ ਪ੍ਰਤਿਭਾ ਦੇ ਪ੍ਰਦਰਸ਼ਨ ਲਈ, ਪੂਰੀ ਪੂਰੀ ਸੁਤੰਤਰਤਾ ਪ੍ਰਾਪਤ ਹੈ।

ਇਸ ਕਾਵਿ-ਨਾਟਕ ਨੂੰ ਖੇਡਣ ਲਈ ਮੇਰੀ ਲਿਖਤੀ ਆਗਿਆ ਦੀ ਲੋੜ ਨਹੀਂ।

-ਰਵਿੰਦਰ ਰਵੀ

ਆਪੋਣ ਆਪਣੇ ਦਰਿਆ : ਕਾਵਿ-ਨਾਟਕ ਦਾ ਮੂਲ ਪਾਠ

ਆਪੋ ਆਪਣੇ ਦਰਿਆ ਦੇ ਪਾਤਰ

ਫਲਸਫੀ
ਜਗਿਆਸੂ
ਕਵੀ
ਪੁੱਤਰ
ਪਿਤਾ
ਮਾਂ
ਬਾਬਾ
ਕੁੜੀ-1
ਕੁੜੀ-2
ਨੇਤਾ
ਦੱਲਾ
ਗਸ਼ਤੀ

ਨਾਟ-ਦ੍ਰਿਸ਼-ਕ੍ਰਮ ਅਤੇ ਪਾਤਰ

ਨਾਟ-ਦ੍ਰਿਸ਼-1 : ਐਕਸ਼ਨ ਕੋਰਸ - ਕੋਰਸ ਦੇ ਪਾਤਰ
ਨਾਟ-ਦ੍ਰਿਸ਼-2 : ਫਲਸਫੀ ਤੇ ਜਗਿਆਸੂ
ਨਾਟ-ਦ੍ਰਿਸ਼-3 : ਪੁੱਤਰ ਤੇ ਕਵੀ
ਨਾਟ-ਦ੍ਰਿਸ਼-4 : ਪੁੱਤਰ, ਪਿਤਾ, ਮਾਂ, ਫਲਸਫੀ ਤੇ ਜਗਿਆਸੂ
ਨਾਟ-ਦ੍ਰਿਸ਼-5 : ਨੇਤਾ, ਦੱਲਾ ਤੇ ਪੁੱਤਰ
ਨਾਟ-ਦ੍ਰਿਸ਼-6 : ਦੱਲਾ, ਗਸ਼ਤੀ ਤੇ ਨੇਤਾ
ਨਾਟ-ਦ੍ਰਿਸ਼-7 : ਬਿਰਧ ਘਰ - ਪਿਤਾ, ਪੁੱਤਰ, ਬਾਬਾ, ਫਲਸਫੀ ਤੇ ਜਗਿਆਸੂ
ਨਾਟ-ਦ੍ਰਿਸ਼-8 : ਪਿਤਾ ਤੇ ਕੁੜੀ-1
ਨਾਟ-ਦ੍ਰਿਸ਼-9 : ਪਿਤਾ, ਕੁੜੀ-2 ਤੇ ਪੁੱਤਰ
ਨਾਟ-ਦ੍ਰਿਸ਼-10 : ਕੋਡਾ - ਇਸ ਕਾਵਿ-ਨਾਟਕ ਦੇ ਸਾਰੇ ਪਾਤਰ

ਨਾਟ-ਦ੍ਰਿਸ਼-1

ਆਰੰਭਕ ਐਕਸ਼ਨ ਕੋਰਸ
ਕੋਰਸ ਦੇ ਪਾਤਰ

ਹੇਠ ਲਿਖੇ ਗੀਤ ਨੂੰ 'ਐਕਸ਼ਨ ਕੋਰਸ' ਦੇ ਰੂਪ ਵਿਚ ਪੇਸ਼ ਕਰਦਾ ਹੈ।

ਮੰਚ ਉੱਤੇ ਮੁਕੰਮਲ ਅਨ੍ਹੇਰਾ ਹੈ। ਹੇਠ ਲਿਖੇ ਗੀਤ ਦੀਆਂ ਧੁਨੀਆਂ ਸੁਣਾਈ ਦਿੰਦੀਆਂ ਹਨ। ਸੁਰ ਉੱਚੇ, ਨੀਵੇਂ ਹੁੰਦੇ ਹਨ।

ਇਸ ਸਮੇਂ ਮੰਚ ਦੇ ਅੱਧੇ ਹਿੱਸੇ ਉੱਤੇ ਚਾਨਣ ਹੋ ਜਾਂਦਾ ਹੈ। ਇਸ 'ਕੋਰਸ' ਦੇ 'ਐਕਸ਼ਨ ਪਾਤਰ' ਰੰਗਾ ਰੰਗ ਵੇਸ਼-ਭੂਸ਼ਾ ਵਿਚ ਤੇ ਆਪੋ ਆਪਣੀਆਂ, ਨਿਵੇਕਲੀਆਂ ਅਭਿਨਯ-ਮੁਦਰਾਵਾਂ ਵਿਚ ਨਜ਼ਰ ਆਉਂਦੇ ਹਨ। ਕੋਈ ਮਾਈਮ ਕਰ ਰਿਹਾ ਹੈ ਤੇ ਕੋਈ ਗੀਤ ਦੇ ਬੋਲਾਂ ਵਿਚ ਸੁਝਾਇਆ ਕਾਰਜ।

ਸੰਗੀਤ ਇਕ ਛਣਾਕੇ ਨਾਲ ਸਿਖਰ ਉੱਤੇ ਪਹੁੰਚਦਾ ਹੈ, ਤਾਂ ਮੰਚ ਦੇ ਦੂਜੇ ਅੱਧ ਵਿਚ ਚਾਨਣ ਹੋ ਜਾਂਦਾ ਹੈ। ਇਸ ਕਾਵਿ-ਨਾਟਕ ਦੇ, ਹੇਠ ਲਿਖੇ ਗੀਤ ਦਾ ਗਾਇਨ ਕਰਨ ਵਾਲੇ, ਕੋਰਸ-ਪਾਤਰ ਵਿਖਾਈ ਦਿੰਦੇ ਹਨ।

ਮੰਚ ਦੇ ਇਕ ਪਾਸੇ ਕੋਰਸ ਦੇ ਇਹ ਪਾਤਰ ਗਾਇਨ ਕਰਦੇ ਹਨ ਅਤੇ ਦੂਜੇ ਪਾਸੇ 'ਐਕਸ਼ਨ ਪਾਤਰ' ਅਭਿਨਯ। ਢੁੱਕਵੇਂ ਦਰਸ਼ਨੀ ਪ੍ਰਭਾਵ (Visulas) ਵਰਤੇ ਜਾ ਸਕਦੇ ਹਨ। ਮੰਚ-ਸੱਜਾ ਤੇ ਡੀਜ਼ਾਈਨਿੰਗ ਨਾਲ ਵੀ ਪ੍ਰਭਾਵ-ਉਸਾਰੀ ਹੋ ਸਕਦੀ ਹੈ।

ਖੁੱਲ੍ਹੇ ਹੋਏ ਦਰ ਵਿਚ ਅਟਕੀ ਹੋਈ,
ਇਹ ਵਿਥਿਆ ਹੈ ਦੀਵਾਰਾਂ ਦੀ।
ਕੁਝ ਫੁੱਲਾਂ ਦੀ, ਕੁਝ ਮਹਿਕਾਂ ਦੀ,
ਕੁਝ ਮਘਦੇ ਹੋਏ ਅੰਗਿਆਰਾਂ ਦੀ।

-ਵਕਫ਼ਾ-

ਅਸੀਂ ਖਿੜਕੀ ਸਾਂ, ਦਰਵਾਜ਼ਾ ਸਾਂ,
ਅਸੀਂ ਰਾਹ ਵੀ ਸਾਂ, ਦਿਸ਼ਾ ਵੀ ਸਾਂ।
ਅਸੀਂ ਅੰਬਰ ਵੀ ਸਾਂ, ਅਸੀਂ ਬ੍ਰਹਮੰਡ ਸਾਂ,
ਅਸੀਂ ਆਪਣੀ ਆਪ ਖਲਾਅ ਵੀ ਸਾਂ।

ਪੱਤਝੜ ਵਿਚ ਝੜਦੇ ਸਨ ਸੱਭੇ,
ਕਰ ਕਰਕੇ ਗੱਲ ਬਹਾਰਾਂ ਦੀ।

-ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਗੂੰਜਦੀਆਂ ਹਨ। ਉਨ੍ਹਾਂ ਤੋਂ ਬਾਅਦ, ਕੋਰਸ-ਗੀਤ ਜਾਰੀ ਰਹਿੰਦਾ ਹੈ। ਕੋਰਸ ਦੇ 'ਐਕਸ਼ਨ ਪਾਤਰ' ਲਗਾਤਾਰ ਅਭਿਨਯ ਕਰਦੇ ਰਹਿੰਦੇ ਹਨ।-

ਵੰਡੇ ਗਏ ਕੰਧਾਂ ਬਣ ਬਣ ਕਿਉਂ ?
ਪੈਗ਼ੰਬਰ ਸਾਂ, ਗੁਮਰਾਹ ਵੀ ਸਾਂ।
ਖ਼ੁਸ਼ੀਆਂ ਵਿਚ ਖੇੜਾ ਖੇੜਾ ਸਾਂ,
ਗ਼ਮੀਆਂ ਵਿਚ ਮਚਦੀ ਆਹ ਵੀ ਸਾਂ।

-ਵਕਫ਼ਾ-

ਇਹ ਪੰਛੀ ਖੰਭ ਤੁੜਵਾ ਬੈਠਾ,
ਗਿਣਤੀ ਕਰ ਕਰਕੇ ਡਾਰਾਂ ਦੀ।

-ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ।-

-ਵਕਫ਼ਾ-

-'ਕੋਰਸ-ਗੀਤ' ਤੇ 'ਕੋਰਸ-ਐਕਸ਼ਨ' ਜਾਰੀ ਰਹਿੰਦਾ ਹੈ।-

ਇਕ ਰਸਤਾ ਸਭ ਦਾ ਰਸਤਾ ਸੀ,
ਇਕ ਚਿੰਤਨ ਸਭ ਵਿਚ ਜਗਦਾ ਸੀ।
ਇਕ ਰੱਬ ਸੀ ਤੇ ਵਿਸ਼ਵਾਸ ਸੀ ਇਕ,
ਦੁੱਖ, ਸੁੱਖ ਸਭ ਸੌਖਾ ਲੱਗਦਾ ਸੀ।
ਜੀਵਨ ਵਿਚ ਦੁਸ਼ਮਣ ਵੀ ਆਏ,
ਇਹ ਬਸਤੀ ਸੀ ਪਰ ਯਾਰਾਂ ਦੀ !

-ਵਕਫ਼ਾ-

ਹੁਣ ਤਰਕ ਜੀਭ ਦਾ ਛਾਲਾ ਹੈ
ਤੇ ਕਿਉਂ ? ਕਿਵੇਂ ? ਦੀ ਬੋਲੀ।
ਵਿਸ਼ਵਾਸ ਦੇ ਤੀਲੇ ਬਿਖਰ ਗਏ
ਤੇ ਭਟਕਣ ਨੇ ਜਿੰਦ ਰੋਲੀ ਹੈ !

-ਵਕਫ਼ਾ-

ਹੁਣ ਘਰ ਹੈ, ਪਰ ਘਰ-ਵਾਸ ਨਹੀਂ,
ਇਹ ਵਿਥਿਆ ਹੈ ਘਰ-ਮਾਰਾਂ ਦੀ।

-ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ। ਇਕ ਵਕਫ਼ੇ ਤੋਂ ਬਾਅਦ, ਕੋਰਸ-ਗੀਤ ਤੇ ਕੋਰਸ-ਐਕਸ਼ਨ ਜਾਰੀ ਰਹਿੰਦੇ ਹਨ।-

ਸਭ ਤਾਣਾ ਬਾਣਾ ਉਲਝ ਗਿਆ,
ਇਹ ਜੀਵਨ ਗੋਰਖ-ਧੰਦਾ ਹੈ।
ਭਾਅ ਘੱਟ ਚੜ੍ਹਦਾ ਤੇ ਵਧ ਡਿਗਦਾ,
ਇਸ ਮੰਡੀ ਦੇ ਵਿਚ ਮੰਦਾ ਹੈ !

-ਵਕਫ਼ਾ-

ਤੁਲ, ਤੁਲ ਕੇ ਵਿਕਦੇ ਰਹਿੰਦੇ ਹਾਂ,
ਰੁੱਤ ਲੁੱਟ ਦੇ ਹੀ ਬਿਓਪਾਰਾਂ ਦੀ !

-ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ। ਇਨ੍ਹਾਂ ਦੇ ਖਾਮੋਸ਼ ਹੋਣ ਤੋਂ ਬਾਅਦ, ਇਸ ਗੀਤ ਦੇ ਹੇਠ ਲਿਖੇ ਮੁੱਢਲੇ ਬੋਲ ਮੁੜ ਗਾਏ ਜਾਂਦੇ ਹਨ। ਉਨ੍ਹਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ। ਐਕਸ਼ਨ ਕਾਰਜ ਜਾਰੀ ਰਹਿੰਦਾ ਹੈ।-

ਖੁੱਲ੍ਹੇ ਹੋਏ ਦਰ ਵਿਚ ਅਟਕੀ ਹੋਈ,
ਇਹ ਵਿਥਿਆ ਹੈ ਦੀਵਾਰਾਂ ਦੀ।
ਕੁਝ ਫੁੱਲਾਂ ਦੀ, ਕੁਝ ਮਹਿਕਾਂ ਦੀ,
ਕੁਝ ਮਘਦੇ ਹੋਏ ਅੰਗਿਆਰਾਂ ਦੀ।

-ਫੇਡ ਆਊਟ-

ਨਾਟ-ਦ੍ਰਿਸ਼-2

ਫਲਸਫੀ ਤੇ ਜੱਗਿਆਸੂ

ਮੰਚ ਉੱਤੇ ਅਨ੍ਹੇਰਾ ਹੈ। ਪਿਛੋਕੜ 'ਚੋਂ ਸੰਗੀਤਕ ਧੁਨਾਂ ਉੱਭਰਦੀਆਂ ਹਨ। ਮੰਚ ਉੱਤੇ ਹੌਲੀ ਹੌਲੀ ਹੋ ਰਹੇ ਚਾਨਣ ਵਿਚ "ਫਲਸਫੀ" ਆਪਣੇ ਮਿੱਤਰ "ਕਵੀ" ਦੀ ਕਵਿਤਾ ਦੇ ਹੇਠ ਲਿਖੇ ਬੋਲ ਤਰੱਨਮ ਵਿਚ ਪੜ੍ਹ ਰਿਹਾ ਸੁਣਾਈ ਦਿੰਦਾ ਹੈ। "ਜੱਗਿਆਸੂ" ਉਸ ਨੂੰ ਧਿਆਨ ਨਾਲ ਸੁਣ ਰਿਹਾ ਹੈ।

ਫਲਸਫੀ

ਨਾ ਅਸੀਂ ਸੱਜੇ[1], ਨਾ ਅਸੀਂ ਖੱਬੇ[2],
ਮੱਧ-ਮਾਰਗ[3] ਨਾ ਭਾਵੇ।
ਸਾਡੇ ਅੰਦਰ ਜੋਤ ਅਨੂਠੀ,
ਮਾਰਗ ਆਪ ਬਣਾਵੇ।

-ਪ੍ਰਤੀਧੁਨੀਆਂ-

-ਵਕਫ਼ਾ-

ਸੂਰਜ ਤੂੰ ਹੈ ਕਹਿੰਦਾ ਕਿਹੜਾ
ਕਿੰਵ ਡੁੱਬਣਾ ? ਕਿੰਵ ਚੜ੍ਹਨਾ ?
ਕਿੱਥੇ ਧੁੱਪ ? ਤੇ ਕਿੱਥੇ 'ਲੁਕ ਛੁਪ' ?
ਕਿੱਥੇ ਤੁਰਨਾ ? ਕਿੱਥੇ ਖੜ੍ਹਨਾ ?
ਸੂਰਜ ਤਾਂ ਇਕ ਥਿਰ ਸੱਚਾਈ,
ਸਭ ਨੂੰ ਹੀ ਰੁਸ਼ਨਾਵੇ !

-ਵਕਫ਼ਾ-

1., 2., 3. 'ਸੱਜੇ', 'ਖੱਬੇ' ਤੇ 'ਮੱਧ ਮਾਰਗ' ਕ੍ਰਮਵਾਰ ਕਮਿਊਨਿਸਟ ਪਾਰਟੀ ਦੀਆਂ Right, Left ਤੇ Reformist ਵਿਚਾਰਧਾਰਾਵਾਂ ਵਲ ਇਸ਼ਾਰਾ ਕਰਦੇ ਹਨ।

ਨਾ ਅਸੀਂ ਸੱਜੇ, ਨਾ ਅਸੀਂ ਖੱਬੇ,
ਮੱਧ-ਮਾਰਗ ਨਾ ਭਾਵੇ।
ਸਾਡੇ ਅੰਦਰ ਜੋਤ ਅਨੂਠੀ,
ਮਾਰਗ ਆਪ ਬਣਾਵੇ।

-ਵਕਫ਼ਾ-

ਜੱਗਿਆਸੂ

ਕਿਸ ਰਸਤੇ ਦੀ ਗੱਲ ਕਰਦੇ ਹੋ ?
'ਸੱਜੇ', 'ਖੱਬੇ' ਮਰ ਖਪ ਗਏ ਤੇ
'ਸੋਧਵਾਦ'[1] ਵੀ ਆਪਣੀ ਸੂਲੀ,
ਆਪ ਚੜ੍ਹ ਗਿਆ।

-ਵਕਫ਼ਾ-

ਕਾਰਲ ਮਾਰਕਸ ਦੀ ਵਿਥਿਆ ਸੁਣ, ਸੁਣ,
ਜਨਤਾ, ਨੇਤਾ ਉੱਜੜ ਗਏ ਤੇ
ਸਾਰੇ ਮਾਰਗ ਕਿੱਧਰ ਗਏ ?

ਫਲਸਫੀ

ਰਸਤੇ ਬਾਹਰ ਨਹੀਂ ਹੁੰਦੇ, ਪਰ
ਚਸ਼ਮੇਂ ਵਾਂਗੂੰ ਅੰਦਰੋਂ ਫੁੱਟਦੇ।
ਪਰਬਤ, ਜੰਗਲ ਚੀਰ ਕੇ ਲੰਘਦੇ,
ਹਰ ਔਕੁੜ ਨੂੰ ਪੈਰੀਂ ਸੁੱਟਦੇ।

-ਵਕਫ਼ਾ-

ਆਪਣਾ ਗੀਤ ਬਨਾਵਣ ਆਪੇ,
ਆਪਣੀ ਧੁਨ ਵਿਚ, ਆਪ ਹੀ ਗਾਉਂਦੇ।
ਆਪਣੇ ਚਿੰਤਨ ਦੀ ਲੋਅ ਅੰਦਰ,
ਭੂਤ, ਭਵਿਖਤ ਤੇ ਵਰਤਮਾਨ ਦੀ,

1. ਸੋਧਵਾਦ - ਸੋਧਵਾਦੀ ਕਮਿਊਨਿਸਟਾਂ ਵਲ ਇਸ਼ਾਰਾ।

ਸੋਝੀ ਦੇ, ਪਹਿਚਾਣ ਕਰਾਉਂਦੇ।
ਆਪੇ ਨੱਚਦੇ, ਆਪੇ ਗਾਉਂਦੇ।

-ਫਲਸਫੀ ਉਪ੍ਰੋਕਤ ਬੋਲਾਂ ਦੀਆਂ ਧੁਨੀਆਂ ਨਾਲ ਨੱਚਦਾ, ਗਾਉਂਦਾ, ਗੁਣਗੁਣਾਉਂਦਾ।-

-ਵਕਫ਼ਾ-

ਜੱਗਿਆਸੂ

ਨੱਚਣ, ਗਾਉਣ 'ਚ ਯੁਵਕ ਡੁੱਬ ਗਏ,
ਕਾਮ-ਖੇਡ 'ਚ ਨੱਕ ਤਕ ਖੁੱਭ ਗਏ।
ਕਾਮ ਹੀ ਕੀ ਇਸ ਯੁੱਗ ਦਾ ਦਰਸ਼ਨ ???

-ਅਲਗਾਵ ਜਿਹੇ ਵਿਚ ਫਲਸਫੀ 'ਮਨਬਚਨੀ' ਵਿਚ ਪੈ ਜਾਂਦਾ ਹੈ-

ਫਲਸਫੀ

ਪਤੀ ਹੱਥੋਂ ਪਤਨੀ ਦਾ ਰੇਪ,
ਘਰ ਦੀ ਕੈਸੀ ਲੈਂਡਸਕੇਪ ?

-ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀ ਪ੍ਰਤੀਧੁਨੀਆਂ ਉੱਭਰਦੀਆਂ ਹਨ। ਵਕਫ਼ੇ ਬਾਅਦ, "ਫਲਸਫੀ" ਆਪਣੀ ਮਨਬਚਨੀ ਜਾਰੀ ਰਖਦਾ ਹੈ।-

ਮਿੱਤਰ-ਕੁੜੀਆਂ, ਮਿੱਤਰ-ਮੁੰਡੇ,
ਚੁੰਮੀਆਂ ਲੈਂਦੇ, ਚੂੰਢੀਆਂ ਵੱਢਣ,
ਜਿਸਮਾਂ ਦੀ ਸ਼ਤਰੰਜ ਵਿਛਾ ਕੇ,
ਖੇਡਣ ਨਿੱਤ ਕਾਮ ਦੀ ਖੇਡ !

-ਵਕਫ਼ਾ-

ਪਲ, ਛਿਣ ਯਾਰੀ, ਫੇਰ ਅਜਨਬੀ,
ਹਰ ਬਾਜ਼ੀ ਇਸ ਯੁੱਗ ਦੇ ਜੇਡ।

-ਪ੍ਰਤੀਧੁਨੀਆਂ ਤੇ ਵਕਫ਼ਾ-

ਜੱਗਿਆਸੂ

ਬਾਜ਼ੀ ਖੇਡ, ਖੇਡ ਕੇ ਉੱਜੜੇ,
ਟੁੱਟੇ, ਬਿਖਰੇ ਅੰਦਰ, ਬਾਹਰ।
ਟੁਕੜਿਆਂ ਦੇ ਵਿਚ ਬੀਤੇ ਜੀਵਨ,
ਟੁਕੜੇ, ਟੁਕੜੇ ਹੈ ਵਿਵਹਾਰ।
ਡਾਢੀ ਇਹ ਸਮੱਸਿਆ ਸਾਡੀ,
ਕੀ ਹੈ ਹੱਥ ਤੇ ਕੀ ਸੁਧਾਰ ?

ਫਲਸਫੀ

ਸਮਾਂ ਹੀ ਵੱਡਾ ਵੈਦ ਰਿਹਾ ਹੈ।

-ਵਕਫ਼ਾ-

ਸਮਾਂ ਪੈਣ 'ਤੇ ...
... ...
ਬਣ ਸਮੱਸਿਆ, ਆਪਣਾ ਹੱਲ।

-ਵਕਫ਼ਾ-

ਬਣੇ ਸਮੱਸਿਆ ਆਦਤ ਸਾਡੀ,
ਜੀਵਨ-ਸ਼ੈਲੀ, ਰਸਮ, ਰਿਵਾਜ।

-ਵਕਫ਼ਾ-

ਕੁਦਰਤ ਵਿਚ ਕੁਦਰਤ ਬਣ ਵਿਚਰੇ,
ਸਿਰਜੇ ਆਪਣਾ ਆਪ ਸਮਾਜ !

-ਪ੍ਰਤੀਧੁਨੀਆਂ ਅਤੇ ਵਕਫ਼ਾ-

ਕੋਈ ਦਰਸ਼ਨ ਨਹੀਂ ਬਣਿਆ ਅੱਜ ਤਕ,
ਅੰਤਿਮ ਹੱਲ ਤੇ ਅੰਤਿਮ ਰਾਹ।
ਸਦਾ-ਵਿਕਾਸ ਅਵਸਥਾ ਅੰਦਰ,
ਪਗਡੰਡੀਆਂ ਸਭ, ਹਰ ਸ਼ਾਹਰਾਹ !!

-ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ।-

-ਵਕਫ਼ਾ-

ਜੱਗਿਆਸੂ

ਗੁੰਝਲ ਦਾ ਕੋਈ ਹੱਲ ਕੱਢੋ।
ਛੱਡੋ ਸ਼ਬਦੀ ਕਲਾਬਾਜ਼ੀਆਂ,
ਭਾਸ਼ਾ ਦੇ ਸਭ ਨਖਰੇ ਛੱਡੋ !

-ਪ੍ਰਤੀਧੁਨੀਆਂ ਤੇ ਵਕਫ਼ੇ ਉਪ੍ਰੰਤ ਫਲਸਫੀ ਆਪਣੀ ਰੌਂ ਵਿਚ ਆਪਣੀ 'ਮਨਬਚਨੀ' ਜਾਰੀ ਰੱਖਦਾ ਹੈ।-

ਗੰਦ ਹੁੰਦਿਆਂ, ਗੰਦ ਨਜ਼ਰ ਨਹੀਂ ਆਉਂਦਾ,
ਭ੍ਰਿਸ਼ਟ ਹੋਇਆਂ ਨੂੰ ਭ੍ਰਿਸ਼ਟਾਚਾਰ।
ਬੀਚ-ਵਾਸ[1] ਵਿਚ ਹੌਲੀ, ਹੌਲੀ,
ਮਰਦਾ ਸਾਗਰ ਦਾ ਅਹਿਸਾਸ।

-ਪ੍ਰਤੀਧੁਨੀਆਂ-

ਪਿੰਡੋਂ ਗਏ ਨੂੰ ਖਿੱਚ ਸ਼ਹਿਰ ਦੀ,
ਸ਼ਹਿਰੀ ਲੱਭਦੇ ਪਏ ਇਕੱਲ।
'ਝੀਲ ਦਾ ਕੰਢਾ', 'ਵਣ ਦੀ ਦੁਨੀਆਂ'
ਕਹਿਣ : "ਮਨਾਂ ! ਏਥੋਂ ਭੱਜ ਚੱਲ।"

-ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ।-

-ਵਕਫ਼ਾ-

-ਫਲਸਫੀ ਆਪਣੀ ਮਨਬਚਨੀ ਜਾਰੀ ਰੱਖਦਾ ਹੈ।-

ਸਮੱਸਿਆ, ਲੜੀ ਨਿਰੰਤਰ ਚੱਲਦੀ,
ਨਾਲ ਹੀ ਚੱਲਦੇ ਰਹਿੰਦੇ ਹੱਲ !

-ਗੰਭੀਰਤਾ ਨਾਲ ਸੋਚਦਾ ਹੋਇਆ, ਸੰਵਾਦ ਜਾਰੀ ਰੱਖਦਾ ਹੈ।-

ਇਕ ਸਿਖਰ 'ਤੇ ਪਹੁੰਚ ਸਮੱਸਿਆ,
ਬਣ ਜਾਂਦੀ ਖੁਦ ਆਪਣਾ ਹੱਲ !

'ਫਲਸਫੀ' ਤੇ 'ਜੱਗਿਆਸੂ' ਹੇਠ ਲਿਖੇ ਬੋਲ ਇਕੱਠਿਆਂ ਬੋਲਦੇ ਹਨ :

1. ਬੀਚ-ਵਾਸ - ਬੀਚ ਜਾਂ ਸਮੁੰਦਰ ਦੇ ਕੰਢੇ ਬਸੇਰਾ।

ਸਮੱਸਿਆ, ਲੜੀ ਨਿਰੰਤਰ ਚੱਲਦੀ,
ਨਾਲ ਹੀ ਚੱਲਦੇ ਰਹਿੰਦੇ ਹੱਲ।
ਇਕ ਸਿਖਰ 'ਤੇ ਪਹੁੰਚ ਸਮੱਸਿਆ,
ਬਣ ਜਾਂਦੀ ਖੁਦ ਆਪਣਾ ਹੱਲ !!!

-ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ।-

-ਫੇਡ ਆਊਟ-

ਨਾਟ-ਦ੍ਰਿਸ਼-3

ਪੁੱਤਰ, ਕਵੀ

ਪਿਛੋਕੜ ’ਚੋਂ ਸੰਗੀਤ ਦੀਆਂ ਧੁਨਾਂ ਉੱਭਰ ਰਹੀਆਂ ਹਨ। ਮੰਚ ਉੱਤੇ ਅਨ੍ਹੇਰਾ ਹੈ : ਸਪਾਟ ਲਾਈਟ ਦੀ ਰੌਸ਼ਨੀ ਪਹਿਲਾਂ ਆਪਣੇ ਆਪ ਵਿਚ ਮਸਤ ‘ਕਵੀ’ ਉੱਤੇ ਪੈਂਦੀ ਹੈ ਤੇ ਫਿਰ ‘ਪੁੱਤਰ’ ਉੱਤੇ। ‘ਪੁੱਤਰ’ ਦੇ ਬੋਲਦਿਆਂ ਹੀ ਮੰਚ ਉੱਤੇ ਚਾਨਣ ਹੋ ਜਾਂਦਾ ਹੈ। ‘ਪੁੱਤਰ’, ‘ਕਵੀ’ ਨੂੰ ਸੰਬੋਧਤ ਹੈ।

ਪੁੱਤਰ

ਕਵਿਤਾ ਤੇਰੀ ਸਮਝਣੀ ਔਖੀ,
ਫਿਰ ਵੀ ਅੰਕਲ,
ਸੰਗਤ ਤੇਰੀ ਚੰਗੀ ਲੱਗੇ !

–ਵਕਫ਼ਾ–

ਬਾਗ਼ੀ ਸੈਂ ਤੂੰ ਜਨਮ-ਸਮੇਂ ਤੋਂ,
ਰੀਤਾਂ, ਬੰਧਨ, ਸਭ ਤੂੰ ਤੋੜੇ।
ਸੱਤ-ਰੰਗੀਆਂ ਨੂੰ ਮੁੱਠ ਵਿਚ ਫੜਕੇ,
... ...
... ਕੀਤੇ ਪੂਰੇ ...
... ...
ਜੁ ਜੁ ਸਨ ਤੂੰ ਸੁਫ਼ਨੇ ਜੋੜੇ !

–ਵਕਫ਼ਾ–

ਜੀਵਨ ਦਾ ਤੂੰ ਜਸ਼ਨ ਮਨਾਇਆ,
ਮਾਣੇ ਤੇ ਜੀਵੇ ਰੰਗ ਸਾਰੇ।

ਕਵੀ

ਜੀ ਕੀਤਾ, ਮੈਂ ਦਿਨ ਚੜ੍ਹਾਇਆ।
ਦਿਨ ਵਿਚ ਵੀ ਮੈਂ ਪਕੜੇ ਤਾਰੇ।

-ਵਕਫ਼ਾ-

ਸ਼ਬਦ-ਕਲਾ ਦੇ ਵਿਚ ਸਮਾਵਣ,
ਪਿੰਡ, ਬ੍ਰਹਮੰਡ, ਸਗਲ ਨਜ਼ਾਰੇ।

-ਵਕਫ਼ਾ-

ਪੁੱਤਰ

ਪਰਬਤ ਦੀ ਚੋਟੀ 'ਤੇ ਚੜ੍ਹਕੇ,
ਪੌਣਾਂ ਵੀ ਤੂੰ ਅੱਗੇ ਲਾਈਆਂ।

ਕਵੀ

ਛਿਣ ਵਿਚ ਬੱਦਲ, ਛਿਣ ਵਿਚ ਸਾਗਰ,
ਛਿਣ ਵਿਚ ਸੂਰਜ ਦੇ ਪ੍ਰਕਾਸ਼।
ਸ਼ਬਦਾਂ ਵਿਚ ਕਿੰਤੂ, ਜੱਗਿਆਸਾ,
ਖੋਜ, ਪਰਖ, ਚਿੰਤਨ, ਵਿਸ਼ਵਾਸ।

-ਉਪ੍ਰੋਕਤ 4 ਪੰਗਤੀਆਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ।-

-ਵਕਫ਼ਾ-

-ਕਵੀ ਗੰਭੀਰਤਾ ਨਾਲ ਅੱਗੇ, ਪਿੱਛੇ, ਚਾਰ ਚੁਫੇਰੇ ਵੇਖਦਾ ਹੋਇਆ, ਬੜੇ ਹੀ ਫਲਸਫਾਨਾ ਅੰਦਾਜ਼ ਵਿਚ ਹੇਠ ਲਿਖੇ ਸ਼ਬਦ ਬੋਲਦਾ ਹੈ।-

ਗੁੰਝਲਾਂ ਖੋਲ੍ਹਣ ਵਾਲਾ ਜੀਵਨ,
ਆਪ ਬੜਾ ਹੈ ਗੁੰਝਲਦਾਰ !
ਕੱਲ੍ਹ, ਹੁਣ, ਭਲਕ 'ਚ ਜੀਵੇ ਕੀਕੂੰ,
ਤਿੰਨ ਸਮਿਆਂ ਦਾ ਸ਼ਾਹਸਵਰ !!!

-ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ-

-ਵਕਫ਼ਾ-

ਪੁੱਤਰ

ਯਾਦ ਨੇ ਮੈਨੂੰ ਅੱਜ ਤਕ, ਅੰਕਲ !
ਕਾਵਿ ਤੇਰੇ ਦੇ ਬੋਲ ਇਹ ਸੱਚੇ !

-'ਪੁੱਤਰ', 'ਕਵੀ' ਦੀਆਂ ਲਿਖੀਆਂ ਹੋਈਆਂ ਪੰਗਤੀਆਂ ਪੜ੍ਹਦਾ ਹੈ।-

ਤ੍ਰੀਮਤ ਆਪਣੇ ਅੰਦਰ ਦੀ,
ਮੈਂ ਬਾਹਰ ਭਾਲਦਾ ਫਿਰਦਾਂ।
ਗੁਨਾਹ ਕਹਿਕੇ ਜੇ ਨਿੰਦਣਾ,
ਨਿੰਦ ਲਵੋ ਇਹ ਅਮਲ ਕਰਤਾਰੀ
ਮੇਰੇ ਅੰਦਰ ਦਾ ਆਦਮ,
ਫਿਰ ਅੰਜੀਰਾਂ ਖਾਣ ਚੱਲਿਆ ਹੈ !!!

-ਵਕਫ਼ਾ-

-ਵਜਦ ਵਿਚ ਆ ਕੇ, ਕਵੀ ਵੀ, ਆਪਣੀਆਂ ਲਿਖੀਆਂ ਉਪ੍ਰੋਕਤ ਕਾਵਿ-ਪੰਗਤੀਆਂ ਨੂੰ ਪੜ੍ਹਦਾ, ਗੁਣਗੁਣਾਉਂਦਾ, ਅਭਿਨਯ ਕਰਦਾ ਹੈ।-

-ਵਕਫ਼ਾ-

ਕਵੀ

ਕਾਦਰ, ਕੁਦਰਤ, ਆਦਮ, ਹੱਵਾ,
ਅਹੱਲਿਆ, ਇੰਦਰ, ਮਿਰਜ਼ਾ, ਸਾਹਿਬਾਂ-
ਕਾਮ ਦੇ ਹੀ ਇਹ ਚਿੰਨ੍ਹ ਨੇ ਸਾਰੇ !

-ਵਕਫ਼ਾ-

ਫੁੱਲਾਂ ਵਿਚ ਵੀ ਨਰ, ਮਾਦਾ ਹਨ !

-ਵਕਫ਼ਾ-

ਭੋਗ ਬਿਨਾ ਕੋਈ ਫੁੱਲ ਨਾ ਫਲੇ।
ਅਗਲੀ ਨਸਲ ਦਾ ਬੀਜ ਨਾ ਜੰਮੇਂ,
ਜੀਵਨ-ਤੋਰ, ਕਾਮ 'ਚੋਂ ਚੱਲੇ !

-ਵਕਫ਼ਾ-

ਪੀਰ, ਪੈਗੰਬਰ, ਮੁਰਸ਼ਦ, ਚੇਲੇ !
ਕਾਮ 'ਚ ਹੋਏ ਸਭ ਦੇ ਮੇਲੇ !

-ਪ੍ਰਤੀਧੁਨੀਆਂ-

-ਵਕ਼ਫ਼ਾ-

ਪੁੱਤਰ

ਇੰਞ ਜਾਪਦਾ ਅੰਕਲ ਜੀਕੂੰ
ਕਾਮ ਦਾ ਹੀ ਇਹ ਸਗਲ ਪਾਸਾਰਾ।

-ਵਕ਼ਫ਼ਾ-

ਪਿਤਾ ਮੇਰਾ ਪਰ ਪਤਾ ਨਹੀਂ ਕਿਉਂ
ਵਿਆਹ ਵਿਚ ਮੈਨੂੰ ਬੰਨ੍ਹਦਾ ਚਾਹੇ ???

ਕਵੀ

ਕਾਮ-ਪੂਰਤੀ ਲਈ ਇਕ ਸਿੱਧਾ,
ਸੌਖਾ, ਸਸਤਾ, ਰਸਤਾ ਵਿਆਹ।
ਘਰ ਦੀ ਕੁਕੜੀ ਦਾਲ ਬਰਾਬਰ,
ਜਦ ਦਿਲ ਕੀਤਾ, ਲਈਏ ਢਾਹ !!!

-ਵਕ਼ਫ਼ਾ-

ਪਸ਼ੂ-ਕਰਮ ਹੀ ਬਣ ਜਾਂਦਾ ਹੈ,
ਮਨ-ਮੇਲੇ ਤੋਂ ਬਿਨ ਸੰਭੋਗ !

-ਵਕ਼ਫ਼ਾ-

ਬਲਾਤਕਾਰ ਤੇ ਗੈਂਗ-ਰੇਪ ਵੀ,
ਕਾਮ-ਭੁੱਖ 'ਚੋਂ ਨਿਕਲੇ ਰੋਗ !

-ਵਕ਼ਫ਼ਾ-

ਉਲਟੇ ਯੁੱਗ ਦੀ ਉਲਟੀ ਸੋਚ,
ਉਲਟੇ ਮਨ ਨੂੰ, ਉਲਟੇ ਰੋਗ !

-ਵਕ਼ਫ਼ਾ-

ਪੁੱਤਰ

ਅੱਜ ਦੇ ਯੁੱਗ ਵਿਚ, ਅੱਜ ਦੇ ਮੁੱਲ।
ਕਾਮ-ਸੰਬੰਧਾਂ ਵਿਚ ਵੀ ਖੁੱਲ੍ਹ।

ਕਵੀ

ਕਾਮ-ਕਥਾ, ਇਕ ਆਦਿ-ਕਹਾਣੀ।
ਇਹ ਵੀ ਜੀਵਨ ਜੇਡ ਸਿਆਣੀ।

-ਵਕ਼ਫ਼ਾ-

ਇੰਦਰਦੇਵ, ਅਨੇਕ ਇੰਦਰੀਆਂ,
ਧਰਤੀ ਦੀ ਥਾਂ ਥਾਂ ਤੋਂ ਖੁੱਲ੍ਹੇ।
ਬੱਦਲ ਗੜ੍ਹਕੇ, ਲਿਸ਼ਕਾਂ ਮਾਰੇ,
ਇੰਦਰ, ਬਰਖਾ ਵਿਚੋਂ ਡੁੱਲ੍ਹੇ।

-ਵਕ਼ਫ਼ਾ-

ਇੰਦਰ ਦੇਵ ਜਦੋਂ ਖ਼ੁਸ਼ ਹੋਵੇ,
ਧਰਤੀ, ਅੰਬਰ ਦਵੇ ਮਿਲਾ !
ਬਰਖਾ ਤੇ ਧਰਤੀ ਦਾ ਰਿਸ਼ਤਾ,
ਵੀ ਤਾਂ ਹੈ ਬਸ ਕਾਮ ਜਿਹਾ !

-ਪ੍ਰਤੀਧੁਨੀਆਂ ਤੇ ਫਿਰ ਵਕ਼ਫ਼ਾ-

ਤਪਸ਼ ਮਿਟਾਵੇ, ਠੰਡਾਂ ਪਾਵੇ,
ਇਹ ਮਸਤੀ ਦੇ ਜਾਮ ਜਿਹਾ।
ਬੀ ਪੁੰਗਰਨ ਤੇ ਮੌਲੇ ਧਰਤੀ,
ਧਰਤੀ-ਨਾਂ, ਮਾਂ-ਨਾਮ ਜਿਹਾ।

-ਪਿਛੋਕੜ 'ਚੋਂ ਉਪ੍ਰੋਕਤ 4 ਪੰਗਤੀਆਂ ਦੀ ਪ੍ਰਤੀਧੁਨੀਆਂ ਉੱਭਰਦੀਆਂ ਹਨ।-

-ਵਕ਼ਫ਼ਾ-

ਪੁੱਤਰ

ਗੱਲ ਤੇਰੀ, ਸੌ 'ਚੋਂ ਸੌ ਪੈਸਾ,
ਤੂੰ ਕਦੇ ਵੀ ਘੱਟ ਨਾ ਤੋਲੇਂ।

ਜੈਸਾ ਜੀਵਨ, ਜੀਵਿਆ ਅੰਕਲ,
ਐਸਾ ਹੀ ਕਵਿਤਾ 'ਚੋਂ ਬੋਲੇਂ !

-ਵਕਫ਼ਾ-

ਮੈਂ ਵੀ ਐਸਾ ਹਵਾ ਦਾ ਬੁੱਲਾ,
ਰਾਹ ਆਪਣਾ, ਜੁ ਆਪ ਬਣਾਵੇ।
ਇਕ ਰਿਸ਼ਤੇ ਦੀ ਇਕ-ਰਸੀ ਤਾਂ,
ਅੰਕਲ ਮੈਨੂੰ ਮੂਲ ਨਾ ਭਾਵੇ !

-ਪਿਛੋਕੜ 'ਚੋਂ ਉਪ੍ਰੋਕਤ 4 ਪੰਗਤੀਆਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ।-

-ਫੇਡ ਆਊਟ-

ਨਾਟ-ਦ੍ਰਿਸ਼-4

ਪੁੱਤਰ, ਪਿਤਾ, ਮਾਂ, ਫਲਸਫੀ ਤੇ ਜੱਗਿਆਸੂ

ਮੰਚ ਦਾ ਅਨ੍ਹੇਰਾ ਹੌਲੀ ਹੌਲੀ, ਸਪਾਟ ਲਾਈਟਾਂ ਦੀ ਰੰਗਾ ਰੰਗ ਜੱਗ-ਬੁੱਝ ਤੋਂ ਬਾਦ, ਚਾਨਣ ਵਿਚ ਪਲਟ ਜਾਂਦਾ ਹੈ, ਤਾਂ 'ਪੁੱਤਰ' ਤੇ 'ਪਿਤਾ' ਇਕ ਦੂਜੇ ਨਾਲ ਆਪਸੀ ਸੰਵਾਦ ਵਿਚ ਉਲਝੇ ਹੋਏ ਨਜ਼ਰ ਆਉਂਦੇ ਹਨ।

ਪੁੱਤਰ

ਬੁੱਢਿਆ, ਹੁਣ ਨਾ ਟੱਕਰਾਂ ਮਾਰ,
ਤੇਰੀਆਂ ਟੱਕਰਾਂ ਵਿਚ ਨਹੀਂ ਜਾਨ।
ਖੁਦ ਹੀ ਖੁਦ ਨਾਲ ਸਿੰਗ ਫਸਾਵੇਂ,
ਖੁਦ ਹੀ ਹੋਵੇਂ ਲਹੂ ਲੁਹਾਣ।

ਪਿਤਾ

ਤੈਨੂੰ ਮੈਂ ਸਮਝਾ ਚੁੱਕਿਆ ਹਾਂ।
ਸਾਰੇ ਰਾਹ ਵਿਖਾ ਚੁੱਕਿਆ ਹਾਂ।
ਆਪੇ ਵਿਚ ਤੂੰ ਹੈਂ ਗ਼ਲਤਾਨ,
ਤੂੰ ਹੀ ਤੇਰਾ ਹਿੰਦੋਸਤਾਨ !

-ਪਿਛੋਕੜ 'ਚੋਂ ਪ੍ਰਤੀਧੁਨੀਆਂ-

-ਵਕਫ਼ਾ-

ਥਿੰਦੇ ਘੜੇ 'ਚ ਜਲ ਨਹੀਂ ਰਚਦਾ,
ਤੂੰ ਹੈਂ ਥਲ, ਨਹੀਂ ਨਖਲਿਸਤਾਨ !

ਪੁੱਤਰ

ਮੇਰੇ ਦੁਆਲੇ ਕਾਰ ਹੈ ਮੇਰੀ,
ਮੈਂ ਤਕ ਪੁੱਜਣਾ ਨਹੀਂ ਅਸਾਨ।

ਜਿੱਥੇ ਬੁੱਢੀ ਸੋਚ ਖੜੋਵੇ,
ਉੱਥੋਂ ਤੁਰਦੀ ਹੈ ਸੰਤਾਨ !

-ਪ੍ਰਤੀਧੁਨੀਆਂ-

-ਵਕਫ਼ਾ-

ਪਿਤਾ

ਨਾ ਤੂੰ ਤੁਰਿਆ, ਨਾ ਤੂੰ ਖੜ੍ਹਿਆ,
ਆਪਣੇ ਚਿੱਕੜ, ਗਾਰੇ ਵਿਚ ਤੂੰ,
ਆਪੇ ਫਸਿਆ, ਆਪੇ ਅੜਿਆ।

ਪੁੱਤਰ

ਪਾਣੀ ਵਿਚ ਮਧਾਣੀ ਨਾ ਪਾ,
ਮੂਤਰ 'ਚੋਂ ਮੱਛੀਆਂ ਨਾ ਫੜ।
ਆਪਣੇ ਆਪ ਨੂੰ ਖੁਦ ਸਮਝ਼ਾ,
ਆਪਣਾ ਖੁਦ ਮੁਲਾਂਕਣ ਕਰ।

-ਵਕਫ਼ਾ-

ਬੀ 'ਚੋਂ ਜੰਮਦਾ ਹਰ ਰੁੱਖ ਵਣ ਦਾ,
ਜੰਮਕੇ ਲੱਭਦਾ ਆਪਣਾ ਰਾਹ !
ਬੁੱਢੜੇ ਰੁੱਖ ਨੇ ਸੜ ਸੁੱਕ ਜਾਣਾ,
ਰਸਤਾ ਨਵਾਂ ਲਾ ਸਕੇ ਵਿਖਾ !

-ਵਕਫ਼ਾ-

ਰੁੱਖ ਤੋਂ ਟੁੱਟਦੇ ਬੀਜ ਤੇ ਟੁੱਟਦੇ,
ਓਸ ਰੁੱਖ ਨਾਲ ਰਿਸ਼ਤੇ ਸਾਰੇ।
ਧਰਤੀ ਤੇ ਅਸਮਾਨ 'ਚ ਹੁੰਦੇ,
ਕੱਲੇ ਰੁੱਖ ਤੇ ਕੱਲੇ ਤਾਰੇ।

-ਵਕਫ਼ਾ-

ਆਪਣੇ ਆਪ 'ਚ ਸਗਲ ਧਿਆਨ।
ਆਪਾ ਹੁੰਦਾ, ਸਗਲ ਜਹਾਨ !

-ਪ੍ਰਤੀਧੁਨੀਆਂ ਤੇ ਵਕਫ਼ਾ-

ਪਿਤਾ

ਉੱਲੂ ਸਦਾ ਵੀਰਾਨੀ ਮੰਗੇ,
ਮੂਰਖ ਕਰਦਾ ਖੁਦ ਨਾਲ ਛੱਲ।
ਰੌਲ ਕੀ ਜਾਣੇ ਭਾਅ ਚੌਲਾਂ ਦਾ ?
ਰਿਸ਼ਤਿਆਂ ਦੀ ਤੂੰ ਕਰ ਨਾ ਗੱਲ।

-ਵਕਫ਼ਾ-

"ਮੈਂ" ਤੋਂ ਤੁਰ ਕੇ "ਮੈਂ" 'ਤੇ ਖੜ੍ਹਦਾ,
ਸੋਚ ਤੇਰੀ ਤੇ ਤੇਰਾ ਚਿੰਤਨ।

-ਵਕਫ਼ਾ-

ਆਪ ਰਿੜਕ ਕੇ ਆਪਣੇ ਅੰਦਰ
ਕਰ ਤੂੰ ਆਪਣਾ ਹੀ ਹੁਣ ਮੰਥਨ !!!

-ਪ੍ਰਤੀਧੁਨੀਆਂ ਤੇ ਵਕਫ਼ਾ-

-ਪਿਤਾ ਦੀ ਗੱਲ ਅਣਗੌਲੀ ਕਰਕੇ, ਆਪਣੇ ਹੀ ਰੌਂ ਵਿਚ ਪੁੱਤਰ, ਪਿਤਾ ਨੂੰ ਸੰਬੋਧਨ ਕਰਦਾ ਹੈ।-

ਪੁੱਤਰ

ਤੇਰਾ ਯੁਗ ਹੁਣ ਬੀਤ ਗਿਆ!
ਨਵੀਂ ਨਸਲ ਦੇ ਨਵੇਂ ਖੁਦਾ,
ਨਵੀਂ ਅਦਾ ਤੇ ਨਵੇਂ ਸ਼ੁਦਾ!

-ਪ੍ਰਤੀਧੁਨੀਆਂ ਤੇ ਫਿਰ ਵਕਫ਼ਾ-

ਤਿੱਤਰ ਹੋ ਜਾ ਬੁੱਢਿਆ ਏਥੋਂ,
ਮੈਨੂੰ ਨਾ ਹੁਣ ਕਰ ਗੁਮਰਾਹ !

-ਵਕਫ਼ਾ-

ਇਕ ਔਰਤ ਤੋਂ ਇਕ ਔਰਤ ਤਕ,
ਤੁਰਿਆ ਜੀਵਨ ਤੇਰਾ ਫਲਸਫਾ!

-ਵਕਫ਼ਾ-

ਆਪਣੀ ਮਾਂ ਤੋਂ ਤੁਰਕੇ ਬੁੱਢਿਆ,
ਆਪਣੀ ਪਤਨੀ ਵਿਚ ਆ ਖੜਿਆ!
ਕਾਮ 'ਚੋਂ ਜੰਮਿਆਂ, ਕਾਮ 'ਚ ਵਿਚਰੇਂ,
ਕਾਮ, ਨਸ਼ੇ ਨਾਲ ਰਿਸ਼ਤਾ ਤੇਰਾ।
ਮੈਨੂੰ ਹੁਣ ਕਿਉਂ ਵਰਜਣਾ ਚਾਹੇਂ ?
ਆਪ ਚੁਣੇ ਤੂੰ ਵਰਜਤ ਰਾਹ।

-ਵਕਫ਼ਾ-

ਮਿੱਤਰ-ਮੁੰਡੇ, ਮਿੱਤਰ-ਕੁੜੀਆਂ,
ਖੇਡ ਰਹੇ ਜੀਵਨ ਦੀ ਖੇਲ੍ਹ।
ਮਿਲ, ਮਿਲ, ਵਿਛੜਨ ਸੱਭੇ ਏਥੇ,
ਛਿਣ-ਭੰਗਰੇ ਹੀ ਹੁੰਦੇ ਮੇਲ !

-ਪ੍ਰਤੀਧੁਨੀਆਂ ਤੇ ਫਿਰ ਵਕਫ਼ਾ-

ਤੁਰ ਫਿਰ ਮੇਲਾ ਵੇਖਣ ਸਾਰੇ,
ਨਵੀਂ ਨਾਰ ਦੇ ਨਵੇਂ ਨਜ਼ਾਰੇ।
ਭਟਕਣ ਮੰਜ਼ਲ, ਭਟਕਣ ਰਸਤਾ,
ਭਟਕਣ, ਪਿੰਡ, ਬ੍ਰਹਮੰਡ, ਪਾਸਾਰੇ।
ਕਿਹੜਾ ਕਿਸ ਨਾਲ ਬੱਝਾ ਏਥੇ ?
ਘੁੰਮਦੀ ਧਰਤੀ, ਟੁੱਟਦੇ ਤਾਰੇ !

-ਪ੍ਰਤੀਧੁਨੀਆਂ ਤੇ ਫਿਰ ਵਕਫ਼ਾ-

ਪਿਤਾ

ਦੁਸ਼ਟ ਹੈਂ ਤੂੰ, ਦੁਰਾਚਾਰੀ ਵੀ,
ਮੇਰੇ ਘਰ ਵਿਚ ਰਾਖ਼ਸ਼ਿਸ਼ ਜੰਮਿਆਂ।

ਨਾ ਨਿੱਕਾ, ਨਾ ਵੱਡਾ ਦੇਖੇ,
ਕੀ ਖੱਟਿਆ ਤੂੰ ਦੱਸ ਨਿਕੰਮਿਆਂ ?

-ਪੁੱਤਰ ਪਿਤਾ ਵਲ ਘ੍ਰਿਣਾ ਨਾਲ ਦੇਖਦਾ ਹੋਇਆ ਬੋਲਦਾ ਹੈ-

ਪੁੱਤਰ

ਦਾਰੂ ਦਾ ਘੁੱਟ ਪੀਵੇਂ ਤੇ ਤੂੰ,
ਮਹਾਂਬਲੀ ਬਣ ਜਾਵੇਂ।
ਬਰਖਾ-ਰੁੱਤ ਦੇ ਡੱਡੂ ਵਾਂਗੂੰ,
ਆਪਣਾ ਰਾਗ ਅਲਾਵੇਂ।
ਹੋਰ ਕਿਸੇ ਨੂੰ ਸੁਣਦਾ ਨਾ ਤੂੰ,
ਡਾਢਾ ਖੌਰੂ ਪਾਵੇਂ।

-ਵਕਫ਼ਾ-

ਮੈਨੂੰ ਸੁੱਤਾ ਸਮਝ, ਜਾ ਅੰਦਰ,
"ਮਾਂ" ਮੇਰੀ ਨੂੰ ਢਾਵੇਂ।
ਕਾਮ-ਪਸ਼ੂ ਨੂੰ ਸ਼ਾਤ ਕਰੇਂ ਤੇ
ਘੁਰੜ, ਘੁਰੜ, ਘੁਰੜਾਵੇਂ।

-ਵਕਫ਼ਾ-

ਕੈਸਾ ਹੈਂ ਤੂੰ ਡੈਡੀ, ਤੇਰੇ
ਕੈਸੇ ਤੌਰ ਤਰੀਕੇ ?
ਬਣ ਜਾਵੇਂ ਸ਼ੈਤਾਨ, ਦਾਰੂ ਦੇ
ਦੋ, ਤਿੰਨ ਘੁੱਟ ਹੀ ਪੀ ਕੇ !

-ਪ੍ਰਤੀਧੁਨੀਆਂ ਅਤੇ ਫਿਰ ਵਕਫ਼ਾ-

ਮੰਮੀਂ ਆਖੇ : "ਉੱਠ ਹੁਣ ਮਾਮਾ,
ਕਿੱਥੇ ਗਿਆ ਤੇਰਾ ਸਾਹਨ ?
ਫਟੇ ਭੁਕਾਨੇ ਵਾਂਗ ਢਿਲਕਿਆ,
ਤੂੰ ਹੋਇਓਂ ਬੇਜਾਨ।"

-"ਪੁੱਤਰ" ਦੀ "ਮਾਂ" ਜੁ ਇਹ ਸੰਵਾਦ ਸੁਣ ਰਹੀ ਸੀ, ਮੰਚ ਉੱਤੇ ਪਰਵੇਸ਼ ਕਰਦੀ ਹੈ। ਆਪਣੇ ਪਤੀ ਨੂੰ ਸੰਬੋਧਨ ਕਰਦੀ ਹੈ।-

ਤੀਰ ਚਲਾਇਆ ਹਵਾ ਦੇ ਵਿਚ ਤੂੰ,
ਖਾਲੀ ਤੇਰੀ ਕਮਾਨ।
ਸਿਖਰ-ਸੰਤੋਖ ਦੇ ਤਰਸੇਵੇਂ 'ਚੋਂ,
ਉਪਜੀ ਫਿਰ ਸੰਤਾਨ !

-ਵਕਫ਼ਾ-

ਆਪਣੀ ਹੀ ਸੁਰ ਕੱਢੀ ਤੂੰ ਤੇ
ਦੂਜੇ ਦੀ ਨਾ ਜਾਣੀ।
ਨਾ ਤੂੰ ਮੇਰੇ ਤਨ ਦਾ ਹਾਣੀ,
ਨਾ ਤੂੰ ਮੇਰੇ ਮਨ ਦਾ ਹਾਣੀ !

-ਪ੍ਰਤੀਧੁਨੀਆਂ ਤੇ ਵਕਫ਼ਾ-

ਪਿਤਾ

ਪੁੱਤ ਦੀ ਹਾਂ ਵਿਚ ਹਾਂ ਮਿਲਾਵੇਂ।
ਨਾ ਤੂੰ ਸੋਚੇਂ, ਨਾ ਸ਼ਰਮਾਵੇਂ।

-ਵਕਫ਼ਾ-

ਬੇਸ਼ਰਮ ਇਹ ਵਿਭਚਾਰੀ ਹੈ,
ਮੰਡੀ ਦੇ ਵਿਚ ਵਿਕੇ ਤੇ ਵੇਚੇ,
ਜਿਸਮ-ਫ਼ਰੋਸ਼ ਹੈ, ਬਿਓਪਾਰੀ ਹੈ।

-ਵਕਫ਼ਾ-

-"ਮਾਂ" (ਪਤੀ ਦੀ ਪਤਨੀ) ਇਸ਼ਾਰਿਆਂ ਨਾਲ "ਪਤੀ" ਉੱਤੇ ਤ੍ਰਿਸਕਾਰ ਕਰਦੀ ਹੋਈ, ਮੰਚ ਤੋਂ ਬਾਹਰ ਚਲੇ ਜਾਂਦੀ ਹੈ। ਕੁੜਿੱਤਣ ਨਾਲ ਭਰਿਆ "ਪੁੱਤਰ", "ਪਿਤਾ" ਨੂੰ ਸੰਬੋਧਨ ਕਰਦਾ ਹੈ।-

ਪੁੱਤਰ

ਕੈਸਾ ਹੈਂ ਤੂੰ ਮੇਰਾ ਬਾਪ ?
ਖਾਵੇਂ, ਪੀਵੇਂ ਟਾਇਲਟ ਜਾਵੇਂ,
ਤੂੰ ਤਾਂ ਨਿਰਾ ਹੀ ਗੋਬਰ-ਛਾਪ !!!

-ਅਲਗਾਵ ਜਿਹੇ ਵਿਚ ਪੁੱਤਰ ਦਰਸ਼ਕਾਂ ਨੂੰ ਸੰਬੋਧਨ ਕਰਦਾ ਹੈ-

ਛੋਟੀ ਉਮਰ ਤੋਂ ਮਾਪਿਆਂ ਸਾਨੂੰ,
ਸੇਡਿਜ਼ਮ[1] ਤੇ ਮੈਸੋਕਿਜ਼ਮ[2] ਦਾ,
ਨਿਸਦਿਨ ਪਾਠ ਪੜ੍ਹਾਇਆ।
ਕੁੱਟ ਮਾਰ ਤੇ ਕਾਮ-ਭੋਗ ਦਾ,
ਬਾਰ ਬਾਰ ਨਾਟਕ ਦਿਖਲਾਇਆ।

-ਪ੍ਰਤੀਧੁਨੀਆਂ ਤੇ ਵਕਫ਼ਾ-

ਪਿਤਾ

ਕਾਣੀ, ਮੀਣੀ, ਅੰਨ੍ਹੀ, ਬੋਲੀ,
ਸਭ ਨੂੰ ਠੋਕੀ ਜਾਵੇਂ !
ਦਰ ਦਰ ਭਟਕ ਰਿਹਾ ਹੈਂ ਕਿਉਂ ਤੂੰ,
ਇਕ ਨੂੰ ਨਾ ਅਪਣਾਵੇਂ ?

ਪੁੱਤਰ

ਇਕ ਨਾਲ ਬੱਝਕੇ ਤੂੰ ਕੀ ਖੱਟਿਆ ?
ਛਿੱਤਰ-ਪੋਲਾ, ਨਿੱਤ-ਵਿਹਾਰ।
ਮਾਂ ਨੇ ਪਸ਼ੂ ਸ਼ਾਂਤ ਕਰ, ਕੀਤਾ
ਨਿੱਤ ਮੇਰੇ ਨਾਲ ਦੁਰ-ਵਿਵਹਾਰ !

ਪਿਤਾ

ਘਰ ਗ੍ਰਿਹਸਥੀ ਦੀ ਗੱਲ ਕਰ ਕੋਈ,
ਮਾਰ ਨਾ ਐਵੇਂ ਊਟ ਪਟਾਂਗ !
ਆਪਣੇ ਵਿਚ ਹੀ ਡੁੱਬ ਜਾਂਦੀ, ਜੁ
ਐਸੀ ਹੀ ਹੈਂ, ਇਕ, ਤੂੰ ਕਾਂਗ !

-ਇਸ ਸਮੇਂ 'ਫਲਸਫੀ' ਤੇ 'ਜੱਗਿਆਸੂ' ਮੰਚ 'ਤੇ ਪਰਵੇਸ਼ ਕਰਦੇ ਹਨ। 'ਪਿਤਾ', 'ਫਲਸਫੀ' ਨੂੰ ਸੰਬੋਧਨ ਹੁੰਦਾ ਹੈ।-

1. ਸੇਡਿਜ਼ਮ : SADISM - ਦਰਦ ਦੇਣ 'ਚੋਂ ਲੱਜ਼ਤ ਲੈਣਾ।
2. ਮੈਸੋਕਿਜ਼ਮ : MASOCHISM - ਦਰਦ ਲੈਣ 'ਚੋਂ ਲੱਜ਼ਤ ਲੈਣਾ।

ਆ ਫਲਸਫੀ, ਤੱਕ ਲੈ, ਸੁਣ ਲੈ,
ਪਿਤਾ, ਪੁੱਤਰ ਦਾ ਇਹ ਤਕਰਾਰ।
ਰਿਸ਼ਤਿਆਂ ਤੋਂ ਸੱਖਣਾ ਪਰਵਾਰ !

-ਵਕਫ਼ਾ-

ਮੁਕਤੀ ਪਾਉਣ ਲਈ,
ਦਰ, ਦਰ ਢੂੰਡੇ-
"ਪੁੱਤਰ" ਕਾਮ-ਦੁਆਰ !

-ਵਕਫ਼ਾ-

-ਆਪਣੇ ਹੀ ਰੌਂ ਵਿਚ, ਫਲਸਫੀ 'ਪੁੱਤਰ' ਤੇ 'ਪਿਤਾ' ਨੂੰ ਨਜ਼ਰ-ਅੰਦਾਜ਼ ਕਰਦਾ ਹੋਇਆ, ਦਰਸ਼ਕਾਂ ਤੇ ਫਿਰ ਅਸਮਾਨ ਵਲ ਵੇਖਦਾ ਹੋਇਆ, ਮਨਬਚਨੀ ਵਿਚ ਪੈ ਜਾਂਦਾ ਹੈ।-

ਫਲਸਫੀ

ਕਾਮ ਤਾਂ ਕੇਵਲ ਕਾਮ ਹੈ ਹੁੰਦਾ,
ਲੂੰ ਲੂੰ ਵੱਸਿਆ ਅਨਹਦ ਨਾਦ

-ਵਕਫ਼ਾ-

ਕਾਮ 'ਚ ਕੋਈ 'ਵਾਦ' ਨਹੀਂ ਹੁੰਦਾ,
ਪ੍ਰਗਤੀਵਾਦ ਨਾ ਆਸ਼ਾਵਾਦ !
ਨਾ ਹੀ ਇਸ ਵਿਚ ਭੁੱਲ ਭੁਲੱਈਆਂ,
ਨਾ ਹੀ ਕੋਈ ਨਿਰਾਸ਼ਾਵਾਦ।

-ਪ੍ਰਤੀਧੁਨੀਆਂ ਤੇ ਫਿਰ ਵਕਫ਼ਾ-

ਜੱਗਿਆਸੂ

ਮਾਨਵ ਦੇ ਦਾਨਵ ਦੀ ਗੱਲ
ਕਿਧਰ ਵੱਲ ਤੁਸੀਂ ਪਏ ਹੋ ਚੱਲ ?

-ਵਕਫ਼ਾ-

ਗੁਰੂਦੇਵ ਕੈਸਾ ਵਿਖਿਆਨ ?
ਪਿਆਸਾ ਮਾਨਵ, ਰੇਗਿਸਤਾਨ !!!

ਫਲਸਫੀ

ਇਸ ਯੁੱਗ ਦਾ ਮਾਨਵ ਹੈ ਪਿਆਸਾ।
ਉਲਟੀ ਤੌੜੀ, ਉਲਟਾ ਕਾਸਾ !
ਕਿੰਵ ਭਰੇ ਇਸ ਵਿਚ ਧਰਵਾਸਾ ?

-ਵਕਫ਼ਾ-

ਜੋਕਰ ਆਪ, ਮਸ਼ਕਰੀ, ਦਰਸ਼ਕ-
ਹੱਸੇ ਆਪ, ਹਸਾਵੇ ਸਭ ਨੂੰ।
ਇਕ-ਪਾਤਰੀ ਨਾਟਕ ਇਸਦਾ,
ਆਪਣਾ ਆਪ ਵਿਖਾਵੇ ਸਭ ਨੂੰ!

-'ਜਗਿਆਸੂ', 'ਪਤੀ' ਤੇ 'ਪੁੱਤਰ', 'ਫਲਸਫੀ' ਵਲ ਬਿਟਰ, ਬਿਟਰ ਤੱਕਦੇ ਹਨ। ਵਿਭਿੰਨ ਪ੍ਰਕਾਰ ਦੇ ਪ੍ਰਤੀਕਰਮਾਂ ਦਾ ਅਭਿਨਯ ਕਰਦੇ ਹਨ। 'ਫਲਸਫੀ' ਦਰਸ਼ਕਾਂ ਵਲ ਵੇਖਦਾ ਹੋਇਆ ਆਪਣੇ ਰੌਂ ਵਿਚ ਬੋਲੀ ਜਾਂਦਾ ਹੈ।-

ਇਸ ਯੁੱਗ ਦਾ ਮਾਨਵ ਹੈ ਕੱਲਾ,
ਪੰਡਤ, ਪੈਗ਼ੰਬਰ ਤੇ ਝੱਲਾ।

-ਪ੍ਰਤੀਧੁਨੀਆਂ ਤੇ ਫਿਰ ਵਕਫ਼ਾ-

ਉਲਝੇ ਮਨ, ਉਲਝੀ ਤਸਵੀਰ,
ਮਿਰਜ਼ੇ ਦੇ ਨਾਲ ਤੁਰ ਪਈ ਹੀਰ।
ਉਲਝੇ ਲੋਕਯਾਨ ਦੇ ਕਿੱਸੇ,
'ਚੰਦੜ' ਚੜ੍ਹੇ, ਨਾ ਟੁੱਟੇ ਤੀਰ।

-ਪ੍ਰਤੀਧੁਨੀਆਂ ਤੇ ਫਿਰ ਵਕਫ਼ਾ-

ਜਿਸਮ ਦੀ ਭਾਸ਼ਾ ਬਣਿਆ ਪਿਆਰ,
ਡੁਬਕੀ ਲਾ, ਝਨਾਂ ਤੋਂ ਪਾਰ।

-ਵਕਫ਼ਾ-

ਇਕ ਕਿੱਸੇ ਵਿਚ ਸਾਰੇ ਕਿੱਸੇ,
ਭੋਗ ਵਿਲਾਸ ਸਭ ਇਸ ਦੇ ਹਿੱਸੇ।

-ਵਕਫ਼ਾ-

ਛਿਣ ਤੋਂ ਛਿਣ ਤੇ ਦੇਹ ਤੋਂ ਦੇਹ ਤਕ,
ਚੜ੍ਹ, ਚੜ੍ਹ ਉੱਤਰੇ, ਭਰ, ਭਰ, ਫਿੱਸੇ !

-ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ।-

'ਪੁੱਤਰ', 'ਪਿਤਾ' ਤੇ 'ਜੱਗਿਆਸੂ' ਆਪਣੇ ਆਪ ਵਿਚ ਗੁਆਚੇ ਹੋਏ ਫਲਸਫੀ ਨੂੰ ਵੇਖਦੇ, ਵੱਖ ਵੱਖ ਪ੍ਰਤੀਕਰਮਾਂ ਦਾ ਅਭਿਨਯ ਕਰਦੇ ਹਨ।

-ਫੇਡ ਆਊਟ-

ਨਾਟ-ਦ੍ਰਿਸ਼-5

ਨੇਤਾ, ਦੱਲਾ ਤੇ ਪੁੱਤਰ

ਸੰਘਣੇ ਰੁੱਖਾਂ ਵਿਚ ਘਿਰੇ, ਲਗਜ਼ਰੀ ਫਾਰਮ ਹਾਊਸ[1] ਦੇ ਡਰਾਇੰਗ ਰੂਮ ਵਿਚ 'ਨੇਤਾ' ਅਤੇ 'ਦੱਲਾ' ਇਕ ਦੂਜੇ ਨਾਲ ਸੰਵਾਦ ਵਿਚ ਮਗਨ ਹਨ।

ਨੇਤਾ

ਮੇਰੇ ਬੋਲੀਂ ਬੱਦਲ ਗੱਜਦੇ,
ਅੱਖਾਂ ਵਿਚ ਅਫੀਮ ਦੇ ਡੋਰੇ,
ਬਰਖਾ, ਬਿਜਲੀ ਵਿਚ ਢਲਿਆ ਹਾਂ,
ਮੈਂ ਇਸ ਸਿਆਸਤ ਦਾ ਬੇਟਾ ਹਾਂ।

-ਪ੍ਰਤੀਧੁਨੀਆਂ ਤੇ ਵਕ਼ਫ਼ਾ-

ਦੱਲਾ

ਬੱਸਾਂ, ਟੈਂਪੂ, ਟੈਕਸੀਆਂ ਚੱਲਣ,
ਭਾਂਤ, ਭਾਂਤ ਦੀਆਂ ਕਾਰਾਂ ਨੇ।
ਹੋਟਲਾਂ ਤੇ ਰੀਜ਼ੌਰਟ[2], ਜਾਇਦਾਦ,
ਧਨ ਦੀਆਂ ਲੱਗੀਆਂ ਡਾਰਾਂ ਨੇ।

ਨੇਤਾ

ਚੁੱਪ ਕਰ ਓਏ ! ਤੂੰ ਹੌਲੀ ਬੋਲ !

-ਵਕ਼ਫ਼ਾ-

---

1. ਲਗਜ਼ਰੀ ਫਾਰਮ ਹਾਊਸ : LUXURY FARM HOUSE
2. ਰੀਜ਼ੌਰਟ : RESORT

ਏਥੇ ਕੰਨ ਲੱਗੇ ਦੀਵਾਰਾਂ ਨੂੰ,
ਨਸ਼ਿਆਂ ਦੇ ਕੇਸ ਅਦਾਲਤ ਵਿਚ,
ਅੱਗ ਲੱਗ ਗਈ ਹੈ ਅਖਬਾਰਾਂ ਨੂੰ।

-ਪ੍ਰਤੀਧੁਨੀਆਂ ਤੇ ਫਿਰ ਵਕਫ਼ਾ-

ਤਸਕਰ ਵੀ ਨੇਤਾ ਬਣ ਗਏ ਨੇ।
ਮੁਖਬਰ ਵੀ ਨੇਤਾ ਬਣ ਗਏ ਨੇ।
ਸਿਆਸਤ ਦੀ ਚੋਰ-ਬਾਜ਼ਾਰੀ ਵਿਚ,
ਛੋਟੇ, ਵੱਡੇ ਸਭ ਤਣ ਗਏ ਨੇ।

ਦੱਲਾ

ਪੁਲਸ ਤੁਹਾਡੀ, ਸੀ.ਆਈ.ਡੀ. ਵੀ,
ਕਿਸ ਗੱਲ ਦਾ ਡਰ ਮਾਰੇ ?
ਧੰਦੇ ਦੇ ਵਿਚ ਫੈਲ ਗਏ ਨੇ,
ਰਿਸ਼ਤੇਦਾਰ ਤੇ ਮਿੱਤਰ ਸਾਰੇ !

-ਵਕਫ਼ਾ-

ਤੁਹਾਡੇ ਨਿੱਕੇ ਮੰਤਰਾਲੇ ਨੇ,
ਵੱਡੇ ਵੱਡੇ ਵੀ ਚੁੰਡ ਚੁੰਡ ਮਾਰੇ !

-ਵਕਫ਼ਾ-

ਸ਼ਾਂਤ ਝੀਲ, ਤੂਫਾਨ ਵੀ ਹੋ।
ਨਿੱਕੇ, ਘਰ ਬਹੁਤ ਮਹਾਨ ਵੀ ਹੋ !
ਪਰਬਤ ਹੋ, ਸਾਗਰ, ਦਰਿਆ ਹੋ,
ਕੰਪਿਊਟਰ ਦੇ ਯੁੱਗ ਦੀ ਸ਼ਾਨ ਵੀ ਹੋ !

-ਵਕਫ਼ਾ-

ਨੀਤੀ ਨੂੰ ਧਰਮ ਦਾ ਮਾਂਝਾ ਲਾ ਕੇ,
ਸਭ ਦੀਆਂ ਗੁੱਡੀਆਂ[1] ਕੱਟਦੇ ਹੋ

1. ਗੁੱਡੀਆ : ਪਤੰਗਾਂ

ਨਕਦੀ ਅਤੇ ਬੋਤਲਾਂ ਦੇ ਕੇ,
ਵੋਟਰਾਂ ਤੋਂ ਜੱਸ ਖੱਟਦੇ ਹੋ।

-ਵਕਫ਼ਾ-

ਕੌਡਾਂ ਦੇ ਦੇ ਕੇ ਹਰ ਵਾਰੀ,
ਹੀਰੇ, ਮੋਤੀ ਖੱਟਦੇ ਹੋ।
ਨੀਤੀ ਵਿਚ ਹੋ ਬਾਣੀਏਂ ਪੂਰੇ,
ਪਰ ਪੁੱਤ ਫੇਰ ਵੀ ਜੱਟ ਦੇ ਹੋ।

-ਪ੍ਰਤੀਧੁਨੀਆਂ ਅਤੇ ਵਕਫ਼ਾ-

ਨੇਤਾ

ਬਹੁਤ ਹੋ ਗਿਆ ...
... ...
ਹੋਰ ਕਸੀਦੇ ਨਾ ਹੁਣ ਪੜ੍ਹ !

-ਵਕਫ਼ਾ-

ਕਿੱਥੇ ਹੈ ਵਿਦਿਆਰਥੀ ਤੇਰਾ,
ਕਾਲਜ ਵਿਚ ਜੁ ਪੁੜੀਆਂ ਵੰਡੇ ?
ਨਸ਼ਿਆਂ ਦੇ ਇਸ ਭਰ ਮੇਲੇ ਵਿਚ,
ਸਭ ਦੀ ਸੁਰਤੀ ਚੰਡੇ !

ਦੱਲਾ

ਹੈਰੋਇਨ, ਭੁੱਕੀ, ਭੰਗ, ਅਫੀਮ,
ਦਾਰੂ, ਡਰੱਗ, ਛੇਵਾਂ ਦਰਿਆ।

-ਵਕਫ਼ਾ-

ਤੁਹਾਡੇ ਰਾਜ 'ਚ ਸੂਬਾ ਸਾਡਾ,
ਧਰਤੀ 'ਤੇ ਹੀ, ਸਵਰਗ ਬਣ ਗਿਆ !

-ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਗੂੰਜਦੀਆਂ ਹਨ।

-ਇਸ ਸਮੇਂ ਦਰਵਾਜ਼ੇ ਦੀ ਘੰਟੀ ਵੱਜਦੀ ਹੈ। ਦੱਲਾ ਦਰਵਾਜ਼ਾ ਖੋਲ੍ਹਦਾ ਹੈ। "ਵਿੱਦਿਆਰਥੀ" ਦੇ ਰੂਪ ਵਿਚ "ਪੁੱਤਰ", ਅੰਦਰ ਦਾਖਲ ਹੁੰਦਾ ਹੈ। 'ਨੇਤਾ' ਉਸ ਨੂੰ ਪੁੱਛਦਾ ਹੈ :-

ਨੇਤਾ

ਕੈਸਾ ਕਾਰੋਬਾਰ ਹੈ ਤੇਰਾ ?
ਪੁੱਤਰ
ਮੇਰੇ ਕੋਲੋਂ ਬਚਿਆ ਕਿਹੜਾ ?

-ਵਕਫ਼ਾ-

ਕੁੜੀਆਂ ਨੂੰ ਵੀ ਦਿੱਤਾ ਝੁਆ !!!

ਨੇਤਾ

ਅੱਜ ਕੁੜੀ ਕੋਈ ਨਾਲ ਨਹੀਂ ਆਈ ?

ਪੁੱਤਰ

ਸ਼ਾਮ ਨੂੰ ਬਿਸਤਰ ਗਰਮ ਕਰ ਲਿਓ,
ਅੱਗੇ, ਪਿੱਛੇ, ਕੁੜੀ ਘਰ ਲਿਓ !

-ਵਕਫ਼ਾ-

ਤੋੜ ਦੀ ਮਾਰੀ, ਹਰ ਇਕ ਨਾਰੀ,
ਨਸ਼ਾ ਖਵਾ, ਕਰਿਓ ਅਸਵਾਰੀ !

-ਵਕਫ਼ਾ-

ਫੁੱਲ ਖਿੜਨ, ਉੱਡਣ ਖ਼ੁਸ਼ਬੋਆਂ,
ਤੁਹਾਡੇ ਵਿਹੜੇ, ਹੋਣ ਬਹਾਰਾਂ।
ਦਿਨ ਛੁਪਦੇ ਨਾਲ, ਉੱਡਕੇ ਆਵਣ,
ਕਾਮ 'ਚ ਭਿੱਜ ਕੂੰਜਾਂ ਦੀਆਂ ਡਾਰਾਂ।

-ਪਿਛੋਕੜ 'ਚ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ। ਨੇਤਾ, ਕੋਲ ਪਿਆ, ਇਕ ਬੈਗ ਖੋਲ੍ਹਕੇ, ਨੋਟਾਂ ਦੇ ਕੁਝ ਥੱਬੇ, ਇਨਾਮ ਵਜੋਂ, ਪੁੱਤਰ ਨੂੰ ਦਿੰਦਾ ਹੈ। ਨੋਟਾਂ ਵਲ ਇਸ਼ਾਰਾ ਕਰਕੇ ਕਹਿੰਦਾ ਹੈ :-

ਨੇਤਾ

ਇਸ ਦਾਣੇ ਨੂੰ ...
... ...

ਆਪਣੇ ਸਾਥੀਆਂ ਵਿਚ ਖਿਲਾਰ,
ਸਭ ਦੇ ਵਿਹੜੇ ਸੂਰਜ ਚਾਹੜ !

ਦੱਲਾ

ਨੇਤਾ ਜੀ ਤੁਸੀਂ ਅਪਰੰਪਾਰ !
ਜੈ ਜੈ ਕਾਰ, ਜੈ ਜੈ ਕਾਰ
ਪੰਜ ਦਰਿਆਵਾਂ ਦੀ ਧਰਤੀ ਦੀ,
ਤੁਸੀਂ ਹੀ ਹੋ ਅਸਲੀ ਸਰਕਾਰ।
ਜੈ ਜੈ ਕਾਰ, ਜੈ ਜੈ ਕਾਰ !!!

-'ਦੱਲਾ' ਤੇ 'ਪੁੱਤਰ' ਦੋਵੇਂ ਜੈ ਜੈ ਕਰਦੇ ਹਨ। ਨੇਤਾ ਹੱਸਦਾ, ਖ਼ੁਸ਼ ਹੁੰਦਾ ਹੈ।

-'ਦੱਲਾ' ਅਤੇ 'ਪੁੱਤਰ' ਦੀਆਂ ਅਵਾਜ਼ਾਂ ਵਿਚ ਉਪ੍ਰੋਕਤ ਪੰਗਤੀਆਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ।-

-ਫੇਡ ਆਊਟ-

ਨਾਟ-ਦ੍ਰਿਸ਼-6

ਦੱਲਾ, ਗਸ਼ਤੀ ਤੇ ਨੇਤਾ

ਸੰਘਣੇ ਰੁੱਖਾਂ ਵਿਚ ਘਿਰੇ ਹੋਏ ਲਗਜ਼ਰੀ ਫਾਰਮ ਹਾਊਸ ਦੇ ਡਰਾਇੰਗ ਰੂਮ ਵਿਚ 'ਦੱਲਾ' ਅਤੇ 'ਗਸ਼ਤੀ' ਆਪਸੀ ਸੰਵਾਦ ਵਿਚ ਮਗਨ ਹਨ।

ਦੱਲਾ

ਉਹ ਰੇਪ ਕਰਨਾ ਚਾਹੁੰਦਾ ਹੈ

ਗਸ਼ਤੀ

ਕਰ ਲਵੇ

ਦੱਲਾ

ਉਹ ਤੇਰੇ ਕਪੜੇ ਪਾੜਨੇ ਚਾਹੁੰਦਾ ਹੈ

ਗਸ਼ਤੀ

ਪਾੜ ਲਵੇ

ਦੱਲਾ

ਉਹ ਚੁਪੇੜਾਂ, ਛਾਂਟੇ ਮਾਰਨੇ ਚਾਹੁੰਦਾ ਹੈ

ਗਸ਼ਤੀ

ਮਾਰ ਲਵੇ

ਦੱਲਾ

ਕੀ ਤੂੰ ਇਹ ਸਭ ਜਰ ਸਕੇਂਗੀ ?

ਗਸ਼ਤੀ

ਮੈਂ ਪਰੋਫੈਸ਼ਨਲ ਹਾਂ,
ਇਹ ਮੇਰਾ ਕਿੱਤਾ ਹੈ,
ਟਰੇਂਡ ਹਾਂ

-ਵਕਫ਼ਾ-

ਤੇਰੇ ਨੇਤਾ ਵਰਗੇ ਕਈ ਜਾਨਵਰ,
ਭੋਗ ਚੁੱਕੀ ਹਾਂ।
ਇਕ ਸਵਾਲ ਹੈ ?

ਦੱਲਾ

ਪੁੱਛ

ਗਸ਼ਤੀ

ਕੀ ਇਹ ਸਭ ਕੁਝ ਕਰਨ ਨਾਲ,
ਤੇਰੇ ਨੇਤਾ ਦੀ ਸਿਆਸਤ ਵਿਚ,
ਕੋਈ ਇਨਕਲਾਬ ਆਵੇਗਾ ?
ਕੋਈ ਸੂਰਜ ਨਵਾਂ ਚੜ੍ਹੇਗਾ ?
ਕੀ ਯੁੱਗ ਪਲਟ ਜਾਵੇਗਾ ?

ਦੱਲਾ

ਇਹ ਨੇਤਾ ਦੀ ਨਿੱਜੀ,
ਗੁਪਤ ਜ਼ਿੰਦਗੀ ਹੈ।

ਗਸ਼ਤੀ

ਕੀ ਨੇਤਾ ਦੀ ਵੀ ਕੋਈ
ਨਿੱਜੀ, ਗੁਪਤ ਜ਼ਿੰਦਗੀ ਹੁੰਦੀ ਹੈ ?

-ਵਕਫ਼ਾ-

-ਦੱਲਾ ਉਸ ਦੇ ਸਵਾਲ ਨੂੰ ਨਜ਼ਰ-ਅੰਦਾਜ਼ ਕਰਦਾ ਹੋਇਆ, ਆਪਣਾ ਸੰਵਾਦ ਜਾਰੀ ਰੱਖਦਾ ਹੈ।-

ਦੱਲਾ

ਆਪਣੀ ਫੈਂਟਸੀ0 ਪੂਰੀ ਕਰਨ ਲਈ,
ਸੁਰੱਖਿਅਤ ਰੇਪ ਉਸਦੀ ਮਜਬੂਰੀ ਹੈ।

-ਵਕਫ਼ਾ-

ਉਂਜ ਸੰਸਦ ਭਵਨ ਵਿਚ,
ਉਹ ਨਿਰਾ ਤੂਫਾਨ ਹੈ।

-ਵਕਫ਼ਾ-

ਤਿੱਖੀਆਂ ਛੁਰੀਆਂ, ਸ਼ਬਦਾਂ ਦੀਆਂ,
ਮਾਰਦਾ ਹੈ-
ਵਿਰੋਧੀਆਂ ਦਾ ਸਿੰਘਾਰ ਕਰਦਾ,
ਆਪਣਾ ਦਿਨ ਚਾੜ੍ਹਦਾ ਹੈ !

-ਵਕਫ਼ਾ-

ਭ੍ਰਿਸ਼ਟ ਵਿਚ ਭ੍ਰਿਸ਼ਟ ਹੈ-
ਇਨਸਾਨ ਵਿਚ ਇਨਸਾਨ ਤੇ
ਸ਼ੈਤਾਨ ਵਿਚ ਸ਼ੈਤਾਨ ਹੈ !

ਗਸ਼ਤੀ

ਕੀ ਉਹ ਗਿਰਗਟ ਹੈ ?
ਰੰਗ ਰੂਪ ਬਦਲਦਾ,
ਮਖੌਟਾ ਹੈ ?

-ਵਕਫ਼ਾ-

ਕੀ ਸਿਆਸਤ ਵੀ ਉਸ ਲਈ,
ਕੰਜਰੀ ਦਾ ਕੋਠਾ ਹੈ ?
ਦੱਲਿਆਂ ਦੀ ਮੰਡੀ ਹੈ ?
ਮੰਦਰਾਂ, ਗੁਰੂ-ਘਰਾਂ,

ਗਿਰਜਿਆਂ, ਮਸਜਿਦਾਂ
ਵਿਚ ਪਨਪਦਾ ਧੋਖਾ ਹੈ ???

-ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਗੂੰਜਦੀਆਂ ਹਨ।- 'ਦੱਲਾ', 'ਗਸ਼ਤੀ' ਤੇ ਪ੍ਰਸ਼ਨਾਂ ਨੂੰ ਨਜ਼ਰ ਅੰਦਾਜ਼ ਕਰਦਾ ਹੋਇਆ, ਬੋਲਦਾ ਹੈ।-

ਦੱਲਾ

ਉਹਦੇ ਘਰ ਮੀਂਹ ਪੈਂਦਾ ਹੈ,
ਮੇਰੇ ਘਰ ਬਹਾਰ ਆ ਜਾਂਦੀ ਹੈ !

ਗਸ਼ਤੀ

ਇਹ ਬਾਰਿਸ਼ ਜ਼ਰੂਰ
ਭ੍ਰਸ਼ਟਾਚਾਰ ਦੀ ਹੋਵੇਗੀ-
ਜੁ ਇਕ ਬਗ਼ੀਚੀ ਸਿੰਜਦੀ,
ਲੱਖਾਂ ਸੁਕਾ ਦਿੰਦੀ ਹੈ।

-ਵਕਫ਼ਾ-

ਜਨਤਾ ਦੇ ਸੋਮੇ ਸੁਕਾ ਦਿੰਦੀ ਹੈ !

-ਸਵਾਲੀਆ ਨਿਸ਼ਾਨ ਬਣੀ 'ਗਸ਼ਤੀ', 'ਦੱਲੇ' ਨੂੰ ਪੁੱਛਦੀ ਹੈ-

ਤੂੰ ਵੀ ਖੂਬ ਹੱਥ ਰੰਗੇ ਹੋਣਗੇ ???

ਦੱਲਾ

ਆਪਣੇ ਕੰਮ ਨਾਲ ਕੰਮ ਰੱਖ-
ਹੇਠਾਂ ਪੈ ਤੇ ਅੱਗੇ ਚੱਲ।

ਗਸ਼ਤੀ

ਇਹ ਸਿਆਸਤ ਕੀ ਬਿਓਪਾਰ ਵਾਂਗ,
ਪੇਸ਼ਾ ਹੈ, ਧੰਦਾ ਹੈ ?

ਦੱਲਾ

ਗੱਲਾਂ ਘੱਟ, ਪੇਸ਼ਾ ਵੱਧ ਕਰ-

ਕੁਝ ਆਪਣੀ ਜੇਬ ਭਰ,
ਕੁਝ ਮੇਰੀ ਭਰ-

ਗਸ਼ਤੀ

ਚੱਲ ਫਿਰ ਤੇਰੇ ਨੇਤਾ ਨੂੰ,
ਆਪਣੇ ਧੰਦੇ ਦੀ ਕਲਾ ਵਿਖਾਈਏ ...
ਗੁੱਸਾ ਚੜ੍ਹਾਈਏ, ਕੁੱਟ ਖਾਈਏ

-ਵਕਫ਼ਾ-

ਤੈਨੂੰ ਵੀ ...
ਦੱਲਾ
ਮੈਨੂੰ ਕੀ ?

ਗਸ਼ਤੀ

ਦਹਿਸ਼ਤ ਤੇ ਦਰਿੰਦਗੀ ਦਾ,
ਨੰਗਾ ਨਾਚ ਵਿਖਾਈਏ।

-ਵਕਫ਼ਾ-

ਕਾਮ ਤੇ ਸੰਭੋਗ ਦੀ,
ਸਿਖਰ
ਚੜ੍ਹਾਈਏ !!!

-ਵਕਫ਼ਾ-

ਤੇਰੇ ਨੇਤਾ ਨੂੰ,
ਸਹੀ ਅਰਥਾਂ ਵਿਚ,
ਨੇਤਾ ਬਣਾਈਏ।
ਪੇਸ਼ਾਵਰ ਕੰਜਰੀ ਦੀ
ਪਾਕੀਜ਼ਗੀ ਦਾ,
ਇਕ ਹੋਰ ਆਲਮ ਵਿਖਾਈਏ !!

-ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਗੂੰਜਦੀਆਂ ਹਨ।-

-ਵਕਫ਼ਾ-

–ਰੌਸ਼ਨੀਆਂ ਦੀ ਰੰਗਾ ਰੰਗ ਜਗ ਬੁਝ ਅਤੇ ਸੰਗੀਤਕ ਇੰਟਰਲਿਊਡ। ਹੇਠ ਲਿਖਿਆ ਕਾਰਜ ਸ਼ੈਲੀਬੱਧ ਤਰੀਕੇ ਨਾਲ ਸੁਝਾਊ ਰੂਪ ਵਿਚ ਕਰਨਾ ਹੈ–

'ਨੇਤਾ' ਪਰਵੇਸ਼ ਕਰਦਾ ਹੈ। ਦੱਲਾ ਬਾਹਰ ਚਲੇ ਜਾਂਦਾ ਹੈ। ਨੇਤਾ ਨਸ਼ੇ ਵਿਚ ਧੁੱਤ ਹੈ। ਉਸਦੇ ਹੱਥ ਵਿਚ ਰੇਸ਼ਮ ਦੀਆਂ ਤਣੀਆਂ ਵਾਲਾ ਕਾਲਾ ਹੰਟਰ, ਕੋੜਾ ਜਾਂ ਛੈਂਟਾ ਹੈ।

ਮੰਚ ਦੇ ਨੀਮ ਚਾਨਣੇ ਵਿਚ 'ਗਸ਼ਤੀ' ਨੂੰ ਧੱਕਾ ਮਾਰਕੇ ਫ਼ਰਸ਼ ਉੱਤੇ ਸੁੱਟਦਾ ਹੈ। ਵਾਲਾਂ ਤੋਂ ਫੜਕੇ ਘੜੀਸਦਾ ਹੈ। ਉਸ ਦੀ ਕੁੜਤੀ ਪਾੜਦਾ, ਹੱਸਦਾ ਹੈ। ਸ਼ਰਾਬ ਪੀਂਦਾ ਹੈ। ਗਸ਼ਤੀ ਦੇ ਅੱਧ-ਨੰਗੇ ਬਦਨ ਉੱਤੇ ਹੰਟਰ ਜਾਂ ਛੈਂਟਾ ਮਾਰਦਾ ਹੈ। ਦਰਦ ਦੇਣ ਵਿਚੋਂ ਲੱਜ਼ਤ ਲੈਂਦਾ ਹੈ। ਤਰ੍ਹਾਂ ਤਰ੍ਹਾਂ ਦੇ ਚਿਹਰੇ ਬਣਾਉਂਦਾ ਹੈ। 'ਗਸ਼ਤੀ' ਤਰਲੇ ਕਰਨ, ਚੀਕਾਂ ਮਾਰਨ ਦਾ ਅਭਿਨਯ ਕਰਦੀ ਹੈ। 'ਨੇਤਾ' ਉਸ ਨੂੰ ਚੋਲੀ ਤੋਂ ਪਕੜ ਕੇ ਬਿਸਤਰ ਉੱਤੇ ਸੁੱਟ ਲੈਂਦਾ ਹੈ। ਗਸ਼ਤੀ ਰੇਪ ਹੋਣ ਦਾ ਅਭਿਨਯ ਕਰਦੀ ਹੈ। 'ਨੇਤਾ' ਗਾਲ੍ਹਾਂ ਕੱਢਦਾ ਤੇ ਗਸ਼ਤੀ ਨਾਲ ਜਬਰਨ ਸੰਭੋਗ ਕਰਨ ਦਾ ਯਤਨ ਜਾਰੀ ਰੱਖਦਾ ਹੈ। ਚੀਕਾਂ, ਸਿਸਕੀਆਂ ਤੇ ਘੁਰਕੀਆਂ ਹਵਾ ਵਿਚ ਗੂੰਜ ਰਹੀਆਂ ਹਨ। ਨੀਮ ਚਾਨਣਾ, ਨੇਰੇ ਵਿਚ ਡੁੱਬ ਜਾਂਦਾ ਹੈ।

–ਫੇਡ ਆਊਟ–

ਨਾਟ–ਦ੍ਰਿਸ਼–7

ਪਿਤਾ, ਪੁੱਤਰ, ਬਾਬਾ, ਫਲਸਫੀ ਤੇ ਜੱਗਿਆਸੂ

ਬਿਰਧ-ਘਰ ਦੇ ਇਕ ਕਮਰੇ ਵਿਚ 'ਪੁੱਤਰ' ਦਾ 'ਬਾਬਾ' ਮੰਜੇ ਉੱਤੇ ਲੰਮਾ ਪਿਆ ਹੈ। ਮੇਜ਼ ਉੱਤੇ ਪਾਣੀ ਦੀ ਬੋਤਲ ਤੇ ਹੋਰ ਨਿਕ ਸੁੱਕ ਪਿਆ ਹੈ। ਕੋਲ ਹੀ, ਸਰ੍ਹਾਣੇ ਵਲ, ਕੂੜੇਦਾਨ ਪਿਆ ਹੈ। 'ਪੁੱਤਰ' ਤੇ 'ਪਿਤਾ' ਉਸ ਦੀ ਖ਼ਬਰ ਸਾਰ ਲੈਣ ਆਏ ਹਨ। 'ਬਾਬਾ' ਉਨ੍ਹਾਂ ਨੂੰ ਨਹੀਂ ਪਹਿਚਾਣਦਾ। ਸੰਵਾਦ ਏਥੋਂ ਹੀ ਸ਼ੁਰੂ ਹੁੰਦਾ ਹੈ।

ਪੁੱਤਰ

ਇਹ ਨਾ, ਆਪਣਾ ਆਪ ਪਛਾਣੇ,
ਨਾ ਧੁੱਪਾਂ, ਨਾ ਛਾਵਾਂ ਮਾਣੇ।
ਨਾ ਇਹ ਤੈਨੂੰ, ਮੈਨੂੰ ਜਾਣੇ।

-ਵਕਫ਼ਾ-

ਇਸ ਦੇ ਅੰਦਰ ਫੈਲੀ ਹੋਈ,
ਇਕ ਸੁੰਨ ਖਲਾਅ ਹੈ।

-ਵਕਫ਼ਾ-

ਨਾ ਇਹ ਹੋਸ਼ ਤੇ ਨਾ ਸ਼ੁਦਾ ਹੈ।
ਇਸ ਦੇ ਬੁੱਢੜੇ ਜਿਸਮ ਦੇ ਉੱਤੇ,
ਫੈਲਿਆ ਹੋਇਆ ਇਕ ਸਿਫ਼ਰਾ ਹੈ।

-ਪਿਛੋਕੜ 'ਚੋਂ ਪ੍ਰਤੀਧੁਨੀਆਂ ਅਤੇ ਫਿਰ ਵਕਫ਼ਾ-

ਅੰਦਰ, ਬਾਹਰ ਸਿਫਰਾ ਜੀਵੇ,
ਸਿਫ਼ਰਾ ਖਾਵੇ, ਸਿਫ਼ਰਾ ਪੀਵੇ।

ਪਿਤਾ

ਝੂਠ ਕਹੇਂ ਤੂੰ, ਝੂਠ ਹੀ ਜੀਵੇਂ।
ਮੇਰਾ 'ਪਿਤਾ' ਨਾ ਤੈਨੂੰ ਭਾਵੇ।
ਪਾਣੀ, ਦੁੱਧ ਤੇ ਸੋਢਾ ਪੀਵੇ,
ਭੋਜਨ ਅਤੇ ਦਵਾਈਆਂ ਖਾਵੇ।

-ਵਕਫ਼ਾ-

ਤੇਰਾ ਇਸ ਨਾਲ ਵੈਰ ਹੈ ਕੀ ?
ਆਪਣਾ ਹੈ ਇਹ, ਗ਼ੈਰ ਹੈ ਕੀ ?

ਪੁੱਤਰ

ਡਾਕਟਰ ਅਤੇ ਦਵਾਈਆਂ ਕਿਸ ਕੰਮ ?
ਸੌਖੀ ਇਸਦੀ ਜਾਨ ਹੋਵੇ ...
... ਜੇ ਨਿਕਲੇ ਦਮ !!!

ਪਿਤਾ

ਮੇਰੇ ਬਾਪ ਨੂੰ ਮੰਦਾ ਬੋਲੇਂ।
ਸ਼ਰਮ ਹਯਾ ਨ ਤੈਨੂੰ ਕੋਈ।
ਸੇਵਾ ਕਰ, ਕੁਝ ਪੁੰਨ ਕਮਾ,
ਸਿੱਧੇ ਰਸਤੇ ਜੀਵਨ ਪਾ।

ਪੁੱਤਰ

ਅੱਖਾਂ ਹੁੰਦਿਆਂ, ਅੰਨ੍ਹਾ ਹੈ ਇਹ !
ਜੀਭ ਤਾਂ ਹੈ, ਪਰ ਬੋਲ ਨਾ ਸਕੇ !
ਨਾ ਇਹ ਬ੍ਰਹਮੰਡ, ਨਾ ਹੀ ਪਿੰਡ ਹੈ,
ਆਪਣੀ ਘੁੰਡੀ ਖੋਲ੍ਹ ਨਾ ਸਕੇ।

-ਵਕਫ਼ਾ-

ਖਾਣ ਪੀਣ 'ਚੋਂ ਮਲ ਮੂਤਰ ਨੂੰ,
ਪੈਦਾ ਕਰਨ ਦੀ ਇਹ ਮਸ਼ੀਨ।

ਨਾ ਝੱਲੇ ਅਸਮਾਨ ਏਸ ਨੂੰ,
ਨਾ ਹੀ ਝੱਲੇ ਅੱਜ ਜ਼ਮੀਨ।

-ਪ੍ਰਤੀਧੁਨੀਆਂ ਅਤੇ ਫਿਰ ਵਕਫ਼ਾ-

-'ਬਾਬੇ' ਵਲ ਇਸ਼ਾਰਾ ਕਰਦਾ ਹੋਇਆ-

ਇਹਦੇ ਨਾਲੋਂ ਪੱਤਾ ਚੰਗਾ,
ਸੜ ਸੁੱਕ ਕੇ ਆਪੇ ਝੜ ਜਾਵੇ।
ਜੋਕ ਵਾਂਗ ਜੀਵਨ ਨੂੰ ਚਿਮਟਿਆ,
ਤੈਨੂੰ ਇਹ ਗੱਲ ਸਮਝ ਨਾ ਆਵੇ।

-ਵਕਫ਼ਾ-

ਸਮਿਆਂ ਦੇ ਗੇੜੇ ਵਿਚ ਬਦਲੀ,
ਇਸ ਮੂਹਰੇ ਕੋਈ ਖੜ੍ਹ ਨਾ ਪਾਏ!

-ਪ੍ਰਤੀਧੁਨੀਆਂ ਅਤੇ ਫਿਰ ਵਕਫ਼ਾ-

ਨਵੀਂ ਨਸਲ ਦੀਆਂ ਨਵੀਆਂ ਲੋੜਾਂ,

-'ਬਾਬੇ' ਵਲ ਇਸ਼ਾਰਾ ਕਰਕੇ-

ਸਾਡੇ ਸਾਧਨ ਚੂਸੀ ਜਾਵੇ।

-ਵਕਫ਼ਾ-

ਇਸ ਕਿਹੜਾ ਹੁਣ ਘੋੜੀ ਚੜ੍ਹਨਾ,
ਵੇਖ ਕਿਵੇਂ ਢਲਦੇ ਪਰਛਾਵੇਂ,
ਕਾਲੀ ਬੋਲੀ ਰਾਤ 'ਚ ਮਿਟਦੇ-

-ਵਕਫ਼ਾ-

ਸੂਰਜ ਡੁੱਬਦਾ ਸਫ਼ਰ ਮੁਕਾ ਕੇ,
ਟੁੱਟਦੇ ਤਾਰੇ ਟਾਂਵੇਂ, ਟਾਂਵੇਂ।

-ਵਕਫ਼ਾ-

ਜੀਵਨ ਦਾ ਕੋਈ ਹੱਕ ਨਾ ਇਸ ਨੂੰ,
ਹੱਕ ਰਾਖਵੇਂ ਸਭ ਹੁਣ ਸਾਡੇ।

ਸਮਾਂ ਬੜਾ ਬਲਵਾਨ ਓ ਬੁੱਢਿਆ !
ਮਾਰੇ ਇਹ ਥਪੇੜੇ ਡਾਢੇ !

ਪਿਤਾ

ਬੇਸ਼ਰਮਾਂ ! ਕੋਈ ਸ਼ਰਮ, ਹਯਾ ?
ਤੂੰ ਵੀ ਬੁੱਢਾ ਹੋਣਾ ਇਕ ਦਿਨ,
ਫੇਰ ਆਵੇਗਾ ਤੈਨੂੰ ਚੇਤਾ !

ਪੁੱਤਰ

ਭਾਵੇਂ ਤੇ ਉਪਭਾਵਾਂ ਦਾ ਹੀ,
ਤੇਰੇ ਅੰਦਰ ਜਾਨਵਰ ਵੱਸੇ।
ਅਕਲ, ਦਲੀਲ ਤੋਂ ਅਸਲੋਂ ਕੋਰਾ,
ਦਰਸ਼ਨ, ਨੀਤੀ ਤੈਂ 'ਤੇ ਹੱਸੇ।

-ਵਕਫ਼ਾ-

ਆਪਣਾ ਮੰਜਾ ਏਥੇ ਲੈ ਆ,
'ਬਾਬੇ' ਨੂੰ ਕੁਝ ਸੰਗਤ ਦੇ।
ਤੇਰੇ ਕਾਮ ਤੋਂ ਕੁਝ ਚਿਰ 'ਮਾਂ' ਵੀ,
ਦੂਰ ਰਹੇ ਤੇ ਮੁਕਤੀ ਪਾਵੇ।

-ਵਕਫ਼ਾ-

ਪਿਤਾ

ਇਸ ਯੁੱਗ ਦਾ ਕੈਸਾ ਇਨਸਾਨ ?

-ਵਕਫ਼ਾ-

ਅਧੂਰਾ ਰੱਬ, ਪੂਰਾ ਸ਼ੈਤਾਨ !!!

-ਪ੍ਰਤੀਧੁਨੀਆਂ ਅਤੇ ਵਕਫ਼ਾ-

ਮਨ, ਦਿਲ, ਸੋਚ 'ਚ ਸੁੰਨ ਖਲਾਅ ਹੈ,
ਅੰਦਰ, ਬਾਹਰ ਸਭ ਟੁੱਟਿਆ ਹੈ।
ਟੁਕੜਾ ਖਾਵੇ, ਟੁਕੜਾ ਪੀਵੇ।

ਟੁਕੜੇ ਸੋਚੇ, ਟੁਕੜੇ ਜੀਵੇ।
ਟੁਕੜਾ ਸੋਚ ਤੇ ਟੁਕੜਾ ਚਿੰਤਨ

-ਵਕਫ਼ਾ-

ਨਜ਼ਰਾਂ ਦੇ ਨਾਲ ਤੁਰਨਾ ਚਾਹੇ,
ਆਪਣੇ ਅੰਦਰ ਪਰ ਰੁਕਿਆ ਹੈ !
ਨਾ ਕੋਈ ਸੇਧ, ਨਿਸ਼ਾਨਾ ਕੋਈ,
ਤੀਰ ਕਮਾਨੋਂ ਛੁੱਟਿਆ ਹੈ !!!

-ਪ੍ਰਤੀਧੁਨੀਆਂ ਤੇ ਵਕਫ਼ਾ-

-ਇਸ ਸਮੇਂ 'ਪੁੱਤਰ' ਤੇ 'ਪਿਤਾ', 'ਬਾਬਾ' ਕਿਰਦਾਰ ਦੇ ਕਮਰੇ ਵਿਚੋਂ ਉੱਠਕੇ ਚਲੇ ਜਾਂਦੇ ਹਨ। ਥੋੜ੍ਹੀ ਦੇਰ ਬਾਅਦ 'ਫਲਸਫੀ' ਤੇ 'ਜੱਗਿਆਸੂ' ਕਿਰਦਾਰ ਪਰਵੇਸ਼ ਕਰਦੇ ਹਨ। 'ਬਾਬੇ' ਅਤੇ ਉਸ ਦੇ ਕਮਰੇ ਦਾ ਜਾਇਜ਼ਾ ਲੈਂਦੇ ਹਨ। ਹਾਲ ਚਾਲ ਪੁੱਛਣ ਦਾ ਯਤਨ ਕਰਦੇ ਹਨ। 'ਬਾਬਾ' ਨਿਰਭਾਵ, ਨਿਰ-ਪ੍ਰਤੀਕਰਮ, ਖ਼ਾਮੋਸ਼ ਹੈ। 'ਫਲਸਫੀ' ਮਨਬਚਨੀ ਵਿਚ ਪੈ ਜਾਂਦਾ ਹੈ।-

ਫਲਸਫੀ

ਟੁੱਟੇ ਚਿਹਰਿਆ ਦੀ ਇਹ ਵਿਥਿਆ,
ਸਾਲਮ ਚਿਹਰਾ ਨਜ਼ਰ ਨਾ ਆਵੇ !
ਇਕ ਚਿਹਰੇ ਦੇ ਕਈ ਮਖੌਟੇ,
ਕੋਈ ਵਿਖਾਵੇ, ਕੋਈ ਛੁਪਾਵੇ !
ਅੰਧਕਾਰ ਤੇ 'ਨ੍ਹੇਰੇ ਝੁੱਲੇ,
ਚਿੰਤਨ ਤੂੜੀ ਵਾਂਗ ਖਿੰਡਾਵੇ।

-ਵਕਫ਼ਾ-

-'ਜੱਗਿਆਸੂ', 'ਬਾਬਾ' ਕਿਰਦਾਰ ਵੱਲ ਵੇਖਦਾ ਹੋਇਆ ਬੋਲਦਾ ਹੈ-

ਜੱਗਿਆਸੂ

ਫੱਟੀ ਅਤੇ ਸਲੇਟ ਦੇ ਯੁੱਗ ਦਾ,
ਇਹ ਬੁੱਢੜਾ ਦਸੋ ਕੀ ਜਾਣੇ।

ਕੰਪਿਊਟਰ ਦੇ ਇਸ ਯੁੱਗ ਅੰਦਰ,
ਨਸਲਾਂ ਬਦਲਣ ਅੱਜ ਮਸ਼ੀਨਾਂ।

-ਵਕਫ਼ਾ-

ਨਵੀਂ ਨਸਲ ਦੇ ਫ਼ੋਨ ਨੂੰ ਤੱਕ ਕੇ,
ਫ਼ੋਨ ਪੁਰਾਣਾ ਮੂਨ ਨਾ ਭਾਵੇ!
ਕੂੜੇ ਵਿਚ ਇਹ ਸੁੱਟੇ ਜਾਂਦੇ,
ਨਵੀਂ ਨਸਲ ਜਦ ਅੱਗੇ ਆਵੇ!

ਫਲਸਫੀ

ਫ਼ੋਨ ਨਹੀਂ, ਇਹ ਹੈ ਇਨਸਾਨ !!!

ਜੱਗਿਆਸੂ

ਕੀ ਹੈ ਇਸਦੇ ਅੰਦਰ ਦੱਸੋ :
ਤਿਥੀ-ਮੁਕਤ ਕੋਈ ਭਗਵਾਨ ?
ਜਾਂ ਫਿਰ ਸ਼ਾਤਰ ਚਾਲਾਂ ਚੱਲਦਾ,
ਇਸ ਯੁੱਗ ਦਾ ਕੋਈ ਸ਼ੈਤਾਨ ???

ਫਲਸਫੀ

ਉਮਰ ਆਖਿਰੀ, ਰੂਪ ਆਖਿਰੀ,
ਮੌਤ-ਪੂਰਵਲੇ ਇਹ ਦੀਦਾਰ।
ਜੋ ਜੰਮੇਂ, ਉਹ ਬਿਣਸਦਾ ਵੀ ਹੈ-

-ਵਕਫ਼ਾ-

ਬੀਤੇ ਰੁੱਖ ਦੀ, ਪਿਓ ਤੇ ਪੁੱਤ ਦੀ,
ਵਿਥਿਆ ਹੈ ਸਾਡਾ ਸੰਸਾਰ।

-ਪ੍ਰਤੀਧੁਨੀਆਂ ਅਤੇ ਵਕਫ਼ਾ-

ਆਪੇ ਖੇਡ, ਖਿਡਾਰੀ ਆਪੇ,
ਸਭ ਜੱਗ ਖੇਡਣਹਾਰ !

-ਵਕਫ਼ਾ-

ਮੇਲੇ ਵਾਂਗੂੰ ਵਿਛੜੀਏ, ਮਿਲੀਏ,
ਜ਼ਿੰਦਗੀ ਹੈ ਤਿਓਹਾਰ।

-ਪ੍ਰਤੀਧੁਨੀਆਂ ਅਤੇ ਵਕਫ਼ਾ-

-'ਬਾਬਾ' ਕਿਰਦਾਰ ਵਲ ਇਸ਼ਾਰਾ ਕਰਦਾ ਹੋਇਆ 'ਜੱਗਿਆਸੂ' ਬੋਲਦਾ ਹੈ-

ਜੱਗਿਆਸੂ

ਨਾ ਜੀਵੇ ਤੇ ਨਾ ਇਹ ਮਰਦਾ,
ਚੇਤੇ ਵਿਚ ਸਿਫ਼ਰਾਂ ਦਾ ਗੇੜਾ।

-ਵਕਫ਼ਾ-

ਇਹ ਕੋਈ ਪਹਿਚਾਣ ਨਾ ਕਰਦਾ,

-ਵਕਫ਼ਾ-

ਸਾਹ ਦੀ ਤੰਦ ਨਾਲ ਬੁੱਝਿਆ ਹੋਇਆ,
ਨਬਜ਼ਾਂ ਅੰਦਰ ਟੁੱਟ, ਟੁੱਟ ਪੈਂਦਾ!
ਸੋਚ, ਸੁਰਤ ਸਭ ਖਿੰਡ ਚੁੱਕੀ ਹੈ,
ਆਪੇ ਨੂੰ ਆਪਾ ਨਾ ਸਹਿੰਦਾ!

-ਵਕਫ਼ਾ-

-'ਫਲਸਫੀ' ਗਹਿਰੀ ਸੋਚ ਵਿਚ ਡੁੱਬਾ ਹੋਇਆ ਬੋਲਦਾ ਹੈ।-

ਫਲਸਫੀ

ਨਰਕ ਹੈ ਇਹ, ਇਹ ਜੀਵਨ ਨਹੀਂ ਹੈ,
ਆਪੇ ਦਾ ਜਦ ਪਤਾ ਨਹੀਂ ਰਹਿੰਦਾ।

-ਵਕਫ਼ਾ-

ਤਰਸ-ਮਾਰ[1] ਇਲਾਜ ਏਸ ਦਾ,
ਮੁਕਤੀ ਅਤੇ ਸਹਾਰਾ ਇਸ ਦਾ।

1. ਤਰਸ-ਮਾਰ : Mercy Killing, Doctor Assisted Suicide

ਸੁੱਕੀ ਨਦੀ 'ਚ ਸੋਕਾ ਵੱਸਦਾ,
ਉੱਜੜਿਆ ਹਰ ਕਿਨਰਾ ਇਸਦਾ।

-ਵਕਫ਼ਾ-

ਜ਼ਹਿਰ ਵੀ ਹੈ ਹੁਣ ਇਸ ਦਾ ਦਾਰੂ।
ਗੋਲੀ ਮਾਰੋ, ਲਾਓ ਨਿਸ਼ਾਨਾ।
ਵਿਹਲੀ ਥਾਂ ਨਵਿਆਂ ਨੇ ਭਰਨੀ,
ਨਵੇਂ ਯੁੱਗ ਦਾ ਨਵਾਂ ਪੈਮਾਨਾ।

-ਪਿਛੋਕੜ 'ਚੋਂ ਆਖਿਰੀ 8 ਪੰਗਤੀਆਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ।-

-ਫੇਡ ਆਊਟ-

ਨਾਟ-ਦ੍ਰਿਸ਼-8

ਪਿਤਾ ਦੇ ਕੁੜੀ-1

‘ਪਿਤਾ’ ਡਰਾਇੰਗ ਰੂਮ ਵਿਚ ਬੈਠਾ ਹੈ। ਦਰਵਾਜ਼ੇ ਦੀ ਘੰਟੀ ਵੱਜਦੀ ਹੈ। ‘ਪਿਤਾ’ ਬੂਹਾ ਖੋਲ੍ਹਦਾ ਹੈ।

‘ਕੁੜੀ-1’ ਅੰਦਰ ਦਾਖਲ ਹੋ ਕੇ, ‘ਪੁੱਤਰ’ ਦੇ ਸੌਣ-ਕਮਰੇ ਦਾ ਰੁਖ ਕਰਦੀ ਹੈ। ‘ਪਿਤਾ’ ਉਸ ਨੂੰ ਰੋਕਦਾ ਤੇ ਇਸ਼ਾਰਿਆਂ ਨਾਲ ਸਮਝਾਉਂਦਾ ਹੈ ਕਿ ‘ਪੁੱਤਰ’ ਘਰ ਨਹੀਂ ਹੈ। ‘ਕੁੜੀ-1’ ਨੂੰ ‘ਪਿਤਾ’ ਡਰਾਇੰਗ ਰੂਮ ਵਿਚ ਬਿਠਾਉਂਦਾ ਹੈ। ਉਸ ਵਲ ਵੇਖਦਾ ਹੋਇਆ ਨੱਕ, ਬੁੱਲ੍ਹ ਵੱਟਦਾ ਹੈ। ਉਸ ਨੂੰ ਸੰਬੋਧਨ ਕਰਦਾ ਹੈ।

ਪਿਤਾ

ਨੰਗੇ ਬਦਨ ’ਤੇ ‘ਸੀ-ਥਰੂ’0 ਪਾਵੇਂ,
ਤਿੱਖੇ ਮੰਮਿਆਂ ਨੂੰ ਮਟਕਾਵੇਂ
ਤੇ ਭੜਕੀਲਾ ਮੇਕ-ਅੱਪ ਲਾਵੇਂ,
ਮਰਦਾਂ ਅੰਦਰ ਕਾਮ ਜਗਾਵੇਂ।
ਰੇਪ ਕਰਨ ਦਾ ਜਾਗ ਲਗਾਵੇਂ।

ਕੁੜੀ-1

ਮੰਮੇਂ ਮਾਂ-ਮਮਤਾ ਦਾ ਸੋਮਾਂ,
‘ਕਾਮ-ਕਰਨ’0 ਕਿਉਂ ਕਰੇਂ ਇਨ੍ਹਾਂ ਦਾ ?

-ਵਕਫ਼ਾ-

ਹਿਰਸੀ ਬੁੱਢਿਆ ਸ਼ਰਮ ਤਾਂ ਕਰ,
ਚੱਪਣੀ ਵਿਚ ਨੱਕ ਡੋਬ ਕੇ ਮਰ !

---

1. ਸੀ-ਥਰੂ - See Through, ਜਿਸ ਵਿੱਚੋਂ ਤਨ ਨੰਗਾ ਦਿਸਦਾ ਏ।
2. ਮੰਮਿਆਂ ਦਾ ਕਾਮਕਰਨ - Sexualisation of Womes's Breast's

ਤੇਰੇ 'ਪੁੱਤਰ' ਦੀ ਮੈਂ ਯਾਰ,
ਉਸਦੀ ਜਾਨ ਸੁਖਾਲੀ ਕਰ।

ਪਿਤਾ

ਮੇਰਾ ਪੁੱਤਰ ਗਿਆ ਗੁਆਚਾ,
'ਨ੍ਹੇਰ ਬਣੀ ਉਸਦੀ ਰੁਸ਼ਨਾਈ।
ਤੇਰੇ ਵਰਗੀਆਂ ਗਸ਼ਤੀਆਂ ਵਿਚ ਹੀ,
ਸਿਮਟੀ ਹੋਈ ਉਸਦੀ ਲੋਕਾਈ।

ਕੁੜੀ–1

ਸੌੜੀ ਸੋਚ ਤੇ ਸੌੜੀਆਂ ਨਜ਼ਰਾਂ,
ਤੇਰਾ ਯੁੱਗ ਹੁਣ ਬੀਤ ਗਿਆ।
ਰਿਸ਼ਤੇ ਨਵੇਂ ਤੇ ਨਵੀਂ ਹੀ ਸ਼ੈਲੀ,
ਗੋਡੇ, ਗੋਡੇ ਦਿਨ ਚੜ੍ਹਿਆ।

–ਉਪ੍ਰੋਕਤ ਬੋਲਾਂ ਦੀਆਂ ਪਿਛੋਕੜ 'ਚੋਂ, ਪ੍ਰਤੀਧੁਨੀਆਂ ਤੇ ਫੇਰ ਵਕਫ਼ਾ–

ਪਿਤਾ

ਕੇਹੇ ਰਿਸ਼ਤੇ ? ਕੇਹੀ ਸ਼ੈਲੀ ?
ਇਹ ਤਾਂ ਨਿਰੀ0 ਅਰਾਜਕਤਾ ਹੈ।
ਪਸ਼ੂ ਵਾਂਗ ਹੀ ਨਸਲ ਤੇਰੀ ਦਾ
ਮਰਦ ਇਸਤਰੀ 'ਤੇ ਚੜ੍ਹਦਾ ਹੈ।

–ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਤੇ ਫਿਰ ਵਕਫ਼ਾ–

ਤੇਰੇ ਜਾਣ ਤੋਂ ਪਿੱਛੋਂ 'ਪੁੱਤਰ',
ਤੇਰੇ ਵਰਗੀ ਹੋਰ ਕੋਈ ਟੋਲ੍ਹੇ !
'ਆਦਮ–ਬੋ', 'ਆਦਮ–ਬੋ' ਕਰਦਾ,
ਖੌਰੂ ਪਾਵੇ, ਗਸ਼ਤੀ ਟੋਲ੍ਹੇ।
ਕਾਮ–ਵੇਗ ਵਿਚ ਅੰਨ੍ਹਾਂ ਹੋਇਆ,
ਗੁੱਡੀਆਂ ਅਤੇ ਪਟੋਲ੍ਹੇ ਰੋਲੇ।

–ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਤੇ ਫਿਰ ਵਕਫ਼ਾ–

ਕੁੜੀ–1

ਪਾਗ਼ਲ ਹੈਂ, ਬੇਸਮਝ ਵੀ ਹੈਂ ਤੂੰ,
ਛਿਣ ਦੇ ਰਿਸ਼ਤੇ ਤੂੰ ਕੀ ਜਾਣੇਂ ?
ਬੇ–ਬੰਧਨ ਤੇ ਖੁੱਲ੍ਹੀਆਂ ਚੋਗਾਂ,
ਅੱਜ ਦਾ ਪੰਛੀ ਰੱਜ, ਰੱਜ ਮਾਣੇਂ।

–ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਅਤੇ ਫਿਰ ਵਕਫ਼ਾ–

–ਕਹਿਰ ਭਰੀਆਂ ਨਜ਼ਰਾਂ ਨਾਲ 'ਪਿਤਾ'ਨੂੰ ਵੇਖਦੀ ਹੋਈ 'ਕੁੜੀ-1' ਘਰੋਂ ਬਾਹਰ ਚਲੇ ਜਾਂਦੀ ਹੈ। ਪਿਤਾ ਦਰਸ਼ਕਾਂ ਨੂੰ ਸੰਬੋਧਨ ਕਰਦਾ ਹੈ :–

ਪਿਤਾ

ਵੇਖੋ ਲੋਕੋ ਕਿਹਾ ਸਿਆਪਾ ?
ਆਉਂਦੀਆਂ, ਜਾਂਦੀਆਂ ਕੁੜੀਆਂ ਤਾਂਈਂ,
ਵੇਖ ਸਕੇ ਕੋਈ ਕਿੰਵ ਮਾਪਾ ?

–ਵਕਫ਼ਾ–

ਚੋਰੀ–ਛੁੱਪੀਂ ਹੁੰਦਾ ਸੀ, ਪਰ
ਸ਼ਰੇ–ਆਮ0 ਹੁਣ ਲੁੱਚ–ਪੁਦਾ।
ਸ਼ਾਦੀ ਬਿਨ ਸੰਭੋਗ ਵੀ ਵਧਿਆ,
ਜਾਪੇ ਮੈਨੂੰ ਕਈ ਗੁਣਾਂ।

–ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ।–

–ਫੇਡ ਆਊਟ–

1. ਸ਼ਰੇ–ਆਮ : ਖੁੱਲ੍ਹੇ ਰੂਪ ਵਿਚ, Publicly

ਨਾਟ-ਦ੍ਰਿਸ਼-9

ਪਿਤਾ, ਮਿੱਤਰ-ਕੁੜੀ-2 ਤੇ ਪੁੱਤਰ

‘ਪਿਤਾ’ ਡਰਾਇੰਗ ਰੂਮ ਵਿਚ ਬੈਠਾ ਹੈ। ਦਰਵਾਜ਼ੇ ਦੀ ਘੰਟੀ ਵੱਜਦੀ ਹੈ। ‘ਪਿਤਾ’ ਦਰਵਾਜ਼ਾ ਖੋਲ੍ਹਦਾ ਹੈ ਤੇ ‘ਕੁੜੀ-2’ ਅੰਦਰ ਦਾਖ਼ਲ ਹੁੰਦੀ ਹੈ। ਦੋਵੇਂ, ਆਮ੍ਹੋ ਸਾਮ੍ਹਣੇ, ਸੋਫਿਆਂ ਉੱਤੇ ਬੈਠ ਜਾਂਦੇ ਹਨ।

ਪਿਤਾ

ਹਾੜ੍ਹ, ਸੌਣ ਤੂੰ ਆਵੇਂ ਜਾਵੇਂ,
ਵਾਂਗ ਛਲਾਵੇ, ਦਿਲ ਭਰਮਾਵੇਂ।

-ਵਕ਼ਫ਼ਾ-

ਤੂੰ ਕੋਈ ਸਾਧ, ਫ਼ਕੀਰ ਨਹੀਂ, ਜੁ
ਭਿੱਖਿਆ ਮੰਗੇਂ, ਅਲਖ ਜਗਾਵੇਂ !

-ਵਕ਼ਫ਼ਾ-

ਮਨ ਦੀ ਭਾਸ਼ਾ ਤੂੰ ਨਾ ਸਿੱਖੀ,
ਤਨ ’ਚੋਂ ਤਨ ਦੀ ਤ੍ਰਿਪਤੀ ਚਾਹਵੇਂ !
ਸਿੱਧਾ ਸਾਦਾ ‘ਪੁੱਤਰ’ ਮੇਰਾ,
ਭਰਮ-ਜਲਾਂ ਵਿਚ ਕਿਉਂ ਭਟਕਾਵੇਂ ???

-ਵਕ਼ਫ਼ਾ-

ਮੈਨੂੰ ਤਾਂ ਸਰਾਪੇ ਲੱਗਦੇ,
ਤੇਰੀ ਧੁੱਪ, ਤੇਰੇ ਪਰਛਾਵੇਂ !

ਕੁੜੀ–2

ਵਰ, ਸਰਾਪ ਤੇ ਕੌਨ ਸੋਚ ਦੇ,
ਸੋਚ ਦੇ ਨਾਲ ਹੀ ਦਿਨ ਚੜ੍ਹਦਾ ਹੈ!
ਧਰਤੀ ਰੁਕੇ ਨਾ ਸੂਰਜ ਤੁਰਦਾ,
ਤ੍ਰਿਸ਼ਨਾਈਆਂ ਅੱਖਾਂ ਵਿਚ ਸੁਫਨਾ,
ਧੁੱਪ ਤੇ ਛਾਂ ਨੂੰ ਹੀ ਫੜਦਾ ਹੈ!

ਪਿਤਾ

ਭੁੱਲ ਭੁਲੱਈਆਂ ਸੋਚ ਤੇਰੀ,
ਉਲਝੇਂ ਖੁਦ, ਮੈਨੂੰ ਉਲਝਾਵੇਂ।

–ਵਕਫ਼ਾ–

ਜਾਂ ਤਾਂ ਪੱਕੀ ਇਸ ਦੀ ਹੋ ਜਾ
ਜਾਂ ਛੱਡ ਇਸ ਨੂੰ ਸਦਾ, ਸਦਾ ਲਈ,
ਸੁਲਝੇ ਇਸਦੀ ਸੋਚ ਤੇ ਹੋਵਣ–
ਇਸਦੇ ਵੀ ਕੁਝ ਰਾਹ ਸੁਖਾਵੇਂ!

ਕੁੜੀ–2

ਟੁਕੜਿਆਂ ਵਿਚ ਮੈਂ ਵੰਡੀ ਹੋਈ,
ਟੁਕੜਿਆਂ ਵਿਚ ਮੋਹ, ਕਾਮ ਮੇਰਾ।
ਟੁਕੜਾ, ਟੁਕੜਾ ਚੁਗਦੀ ਫਿਰਦੀ,
ਜਿਸ ਟੁਕੜੇ 'ਤੇ ਨਾਮ ਮੇਰਾ।

–ਵਕਫ਼ਾ–

ਤੇਰਾ ਪੁੱਤਰ ਵੀ ਇਕ ਟੁਕੜਾ,
ਛਿਣ ਤੋਂ ਛਿਣ ਤਕ ਜਾਮ ਮੇਰਾ।

–ਵਕਫ਼ਾ–

ਭਟਕਣ ਦੀ ਮੰਜ਼ਲ ਹੈ ਭਟਕਣ,
ਭਟਕਣ ਹੀ ਹੈ ਨਾਮ ਮੇਰਾ।

–ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ–

–ਵਕਫ਼ਾ–

ਪਿਤਾ

ਟੁਕੜੇ ਤੇ ਭਟਕਣ ਦਾ ਦਰਸ਼ਨ,
ਜੀਵਨ ਨੂੰ ਅੱਗੇ ਨਾ ਤੋਰੇ!
ਸ਼ਾਦੀ ਤੋਰ ਨਿਰੰਤਰ ਰੱਖੇ,
ਪੀੜ੍ਹੀ ਨੂੰ ਪੀੜ੍ਹੀ ਨਾਲ ਜੋੜੇ!

ਕੁੜੀ–2

ਸ਼ਾਦੀ ਵੀ ਲਾਇਸੈਂਸ ਕਾਮ ਦਾ,
ਤਿਥੀ-ਮੁਕਤ[1] ਰਿਵਾਜ ਤੇਰਾ।
ਸ਼ਾਦੀ ਬਿਨ ਬੱਚੇ ਪਏ ਜੰਮਦੇ,
ਬਦਲ ਰਿਹਾ ਸਮਾਜ ਤੇਰਾ।

–ਵਕਫ਼ਾ–

ਰਹਿੰਦੀ ਨਹੀਂ ਸ਼ਾਦੀ 'ਚ ਆਜ਼ਾਦੀ।
ਬੰਧਨ ਹੈ ਇਹ ਹੈ ਬਰਬਾਦੀ !!!

ਪਿਤਾ

ਸ਼ਾਦੀ ਬਿਨ ਵਫ਼ਾ ਕਿੱਥੇ ਹੈ ?
ਸੂਰਜ ਬਿਨ ਸ਼ੁਅ ਕਿੱਥੇ ਹੇ ?

ਕੁੜੀ–2

ਛਿਣ ਤੋਂ ਛਿਣ ਤਕ ਹੈ ਵਫਾ,
ਨਵੇਂ ਯੁੱਗ ਦੀ ਨਵੀਂ ਅਦਾ !!!

–ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ–

–ਵਕਫ਼ਾ–

ਇਸ ਸਮੇਂ 'ਪੁੱਤਰ' ਮੰਚ ਉੱਤੇ ਪਰਵੇਸ਼ ਕਰਦਾ ਹੈ। 'ਪਿਤਾ' ਵਲ ਵੇਖਦਾ ਹੋਇਆ 'ਕੁੜੀ-2' ਨੂੰ ਸੰਬੋਧਨ ਕਰਦਾ ਹੈ।

---

1. ਤਿਥੀ-ਮੁਕਤ : Outdated, ਵੇਲਾ ਵਿਹਾ ਚੁੱਕਾ!

ਪੁੱਤਰ

ਕਾਮ, ਕੁਟਾਪੇ ਦੇ ਵਿਚ ਘਿਰਿਆ,
'ਪਿਤਾ' ਮੇਰਾ ਹੈ ਸਖ਼ਤ ਬੀਮਾਰ।

-ਵਕਫ਼ਾ-

ਮਨ ਦੀਆਂ ਗੁੰਝਲਾਂ,
ਦਰਦ 'ਚੋਂ ਲੱਜ਼ਤ,
ਲੈਂਦਾ ਬੁੱਢੜਾ ਬਗਲਾਂ ਮਾਰ।

-ਵਕਫ਼ਾ-

ਮੁਕਤ ਹੋਏ ਨੂੰ 'ਮਾਂ' ਵੀ ਕੁੱਟੇ।

-ਵਕਫ਼ਾ-

-'ਪਿਤਾ' ਵਲ ਇਸ਼ਾਰਾ ਕਰਦਾ ਹੋਇਆ-

ਦਾਰੂ ਵਿਚ ਲਏ ਘੇਸਲ ਮਾਰ।

-ਗੁੱਸੇ ਵਿਚ 'ਪਿਤਾ' ਨੂੰ ਸਮਝ ਨਹੀਂ ਆਉਂਦੀ, ਉਹ ਕੀ ਕਰੇ ? ਉਨ੍ਹਾਂ ਦੋਹਾਂ ਵਲਾਂ ਕਹਿਰ ਭਰੀ ਨਜ਼ਰ ਨਾਲ ਵੇਖਦਾ ਹੋਇਆ, ਬੇਬਸੀ ਵਿਚ ਮੰਚ ਤੋਂ ਬਾਹਰ ਚਲੇ ਜਾਂਦਾ ਹੈ-

ਕੁੜੀ-2

ਤੂੰ ਹੈਂ ਮੇਰੀ ਮੁਹੱਬਤ ਹੁਣ ਦੀ,
ਮੇਰੇ ਉੱਤੇ ਨਾਮ ਤੇਰਾ।
ਅੱਜ ਦੇ ਯੁੱਗ ਦੀ ਕਹੇ ਕਹਾਣੀ,
ਤੇਰੇ ਅੰਗ ਸੰਗ ਕਾਮ ਮੇਰਾ।

-ਪ੍ਰਤੀਧੁਨੀਆਂ ਅਤੇ ਫਿਰ ਵਕਫ਼ਾ-

'ਪੁੱਤਰ' ਤੇ 'ਕੁੜੀ-2' ਇਕੱਠੇ

ਤੇਰਾ ਸਿਮਰਨ, ਮੇਰਾ ਜਾਪ।
ਤੇਰੇ 'ਚੋਂ ਹੀ ਮਿਲਦਾ ਮੈਨੂੰ,
ਮੁਕਤੀ ਦਾ ਛਿਣ, ਆਪਣਾ ਆਪ !!!

-ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ। ਲਗਾਤਾਰ ਉੱਭਰਦੀਆਂ ਰਹਿੰਦੀਆਂ ਹਨ।-

-ਮੰਚ ਦੇ ਨੀਮ ਚਾਨਣੇ ਅਤੇ ਨੀਮ ਅਨ੍ਹੇਰੇ ਵਿਚ, ਜਗੂੰ ਬੁਝੂੰ ਕਰਦੀਆਂ ਰੰਗਾ ਰੰਗ ਰੌਸ਼ਨੀਆਂ ਹੇਠਾਂ, 'ਪੁੱਤਰ', 'ਕੁੜੀ-2' ਨੂੰ ਨਿਹਾਰਦਾ, ਚੁੰਮਦਾ, ਛੂੰਹਦਾ, ਆਲਿੰਗਨ ਵਿਚ ਲੈਂਦਾ ਹੈ। ਉਹ ਦੋਵੇਂ ਕਾਮ ਦੇ ਨਸ਼ੇ ਵਿਚ, ਕਾਮ-ਮੁਦ੍ਰਾਵਾਂ ਵਿਚ ਵਿਲੀਨ ਹੋ ਜਾਂਦੇ ਹਨ।

-ਜਗੂੰ ਬੁਝੂੰ ਕਰਦੀਆਂ ਰੌਸ਼ਨੀਆਂ ਵਿਚ, ਦੋਹਾਂ ਦੇ ਇਕੱਠੇ ਬੋਲ ਹੇਠ ਲਿਖੇ ਬੋਲ, ਲਗਾਤਾਰ, ਪ੍ਰਤੀਧੁਨੀਆਂ ਬਣਦੇ ਗੂੰਜਦੇ ਰਹਿੰਦੇ ਹਨ :-

ਤੇਰਾ ਸਿਮਰਨ, ਤੇਰਾ ਜਾਪ।
ਤੇਰੇ 'ਚੋਂ ਹੀ ਮਿਲਦਾ ਮੈਨੂੰ,
ਮੁਕਤੀ ਦਾ ਛਿਣ, ਆਪਣਾ ਆਪਾ !!

-ਫੇਡ ਆਊਟ-

ਨਾਟ-ਦ੍ਰਿਸ਼-10 : ਕੋਡਾ

ਕਵੀ ਤੇ ਇਸ ਨਾਟਕ ਦੇ ਸਾਰੇ ਪਾਤਰ

ਕੋਡਾ[1]

ਮੰਚ ਉੱਤੇ ਅਨ੍ਹੇਰਾ ਹੈ। ਪਿੱਠਭੂਮੀ ਦੇ ਪਰਦੇ ਉੱਤੇ, ਸਿਨਮੈਟਿਕ ਤੇ ਜਾਂ ਵੀਡੀਓ ਟੀ.ਵੀ. ਤਕਨੀਕ ਦੁਆਰਾ ਦਰਿਆ ਦੇ ਵਹਿਣ ਦੇ ਪ੍ਰਭਾਵ ਉਤਪੰਨ ਹੁੰਦੇ ਹਨ। ਦਰਿਆ ਕਿਨਾਰੇ ਖੜੋਤੇ ਰੁੱਖ ਤੋਂ, ਟੁੱਟਕੇ, ਪੱਤਰ, ਦਰਿਆ ਦੇ ਬਹਾ ਨਾਲ ਰੁੜ੍ਹ ਰਹੇ ਹਨ। ਹਰ ਪੱਤਰ ਆਪਣੇ ਆਕਾਰ ਜਿੰਨ੍ਹਾਂ ਥਾਂ ਘੇਰਦਾ ਹੋਇਆ, ਆਪੋ ਆਪਣੀ ਇਕੱਲ ਵਿਚ, ਅੱਗੇ ਤੋਂ ਅੱਗੇ ਰੁੜ੍ਹਿਆ ਜਾਂਦਾ ਹੈ। ਇਨ੍ਹਾਂ ਸਭ ਪੱਤਰਾਂ ਵਿਚ, ਦਰਿਆ ਦੇ ਬਹਾ ਵਿਚ, ਸਮੇ ਂ ਦੇ ਵਹਿਣ ਵਿਚ, ਇੱਕੋ ਸਮੇਂ, ਆਪੋ ਆਪਣੀ ਇਕੱਲ ਵਿਚ ਰੁੜੇ ਜਾਣ ਦੀ ਸਾਂਝ ਹੈ। (ਨੋਟ : ਇਹ ਪ੍ਰਭਾਵ ਪਾਤਰਾਂ ਦੁਆਰਾ ਸੁਜੀਵ (live) ਰੂਪ ਵਿਚ ਵੀ ਸਿਰਜਿਆ ਜਾ ਸਕਦਾ ਹੈ। ਦਰਸ਼ਨੀ ਪ੍ਰਭਾਵਾਂ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ)।

ਇਸ ਸਮੇਂ ਦਰਿਆ ਦੇ ਕਿਨਾਰੇ ਇਕ ਕਵੀ ਦਾ ਪ੍ਰਭਾਵ-ਵਾਦੀ ਆਕਾਰ ਉੱਭਰਦਾ ਹੈ। ਖੁੱਲ੍ਹੀ ਦਾੜ੍ਹੀ, ਖਿੱਲਰੇ ਵਾਲ ਤੇ ਲੰਮਾ ਚੋਲਾ, ਉਸਦੀ ਵੇਸ਼ਭੂਸ਼ਾ ਹਨ। ਦਰਿਆ ਦੇ ਵਹਿਣ ਵਿਚ ਰੁੜ੍ਹੇ ਜਾਂਦੇ, ਅਲੱਗ ਅਲੱਗ ਪੱਤਰਾਂ ਵਲ ਸੰਕੇਤ ਕਰਦਾ ਹੋਇਆ, ਇਕੱਲੀ ਇਕੱਲੀ, ਇਕੱਲ ਦਾ ਅਭਿਨਯ ਕਰਦਾ ਹੈ। ਹੇਠ ਲਿਖੇ ਬੋਲ ਬੋਲਦਾ ਹੈ।

ਕਵੀ

ਪੱਤਾ, ਪੱਤਾ ਬਿਰਖ
ਪਾਣੀਏ ਕਿਰੇ ਪਿਆ।
ਹਰ ਪੱਤਰ ਦਾ
ਆਪੋ ਆਪਣਾ ਹੈ ਦਰਿਆ!!!

-ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਗੂੰਜਦੀਆਂ ਹਨ।-

-ਵਕਫ਼ਾ-

---

1. ਕੋਡਾ : CODA, ਨਾਟਕ ਦਾ ਅੰਤਮ ਦ੍ਰਿਸ਼ Concluding Part of a Drama

ਤਲੀ, ਤਲੀ ਵਿਚ
ਆਪਣਾ ਮਾਰਗ ਸੁਲਗ ਰਿਹਾ।
ਨਜ਼ਰ, ਨਜ਼ਰ ਪਈ ਵਿਣਤੇ,
ਸੱਜਰੀ ਕੋਈ ਦਿਸ਼ਾ !

-ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਗੂੰਜਦੀਆਂ ਹਨ ਅਤੇ ਕਵੀ ਵਜਦ ਵਿਚ ਆ ਕੇ, ਹੇਠ ਲਿਖੇ ਬੋਲ, ਬੋਲਦਾ, ਅਭਿਨਯ ਕਰਦਾ ਹੈ।-

ਤਨ, ਮਨ ਵਿਚੋਂ ਕੁਦਰਤ ਦੀ,
ਮੌਲੀ ਵਿਥਿਆ।
ਬੀਜ ਦੇ ਵਿਗਸਣ ਵਿਚ,
ਅਬੀਜਾ ਕ੍ਰਮ ਪਿਆ!

-ਵਕ਼ਫ਼ਾ-

ਕਾਵਿ ਦਿਲੇ ਦੀ ਭਾਸ਼ਾ,
ਜ਼ਿਹਨ ਦੀ ਨੂਰ-ਸ਼ੁਆ !

-ਵਕ਼ਫ਼ਾ-

ਦਰਸ਼ਨ ਦੇ ਵਿਚ ਦ੍ਰਿਸ਼ਟੀ,
ਚਿੰਤਨ ਸਿਮਰ ਰਿਹਾ।

-ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ, ਤਾਂ ਕਵੀ ਸਹਿਜ ਅਵਸਥਾ ਵਿਚ, ਹੇਠ ਲਿਖੇ ਬੋਲ, ਬੋਲਦਾ ਹੋਇਆ ਅਭਿਨਯ ਕਰਦਾ ਹੈ-

ਵਗਦੇ ਜਲ ਵਿਚ,
ਜਿਉਂ ਸੂਰਜ ਦਾ ਸੇਕ ਜਿਹਾ!
ਧਿਆਨ ਸੂਰਜ ਵਿਚ, ਇਉਂ
ਸਹਿਵਨ ਹੀ ਵਿਚ ਰਿਹਾ!

ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ, ਤਾਂ ਮੰਚ ਉੱਤੇ ਹੌਲੀ, ਹੌਲੀ ਚਾਨਣ ਹੁੰਦਾ ਹੈ। ਇਸ ਸਮੇਂ ਇਸ ਕਾਵਿ-ਨਾਟਕ ਦੇ ਸਾਰੇ ਪਾਤਰ, ਇਕ ਅਲਗਾਵ ਦੀ ਸਥਿਤੀ ਵਿਚ, ਇਕ ਦੂਜੇ ਤੋਂ ਟੁੱਟੇ ਹੋਏ, ਨਜ਼ਰ ਆਉਂਦੇ ਹਨ। ਅਲੱਗ ਅਲੱਗ ਮੁਦਰਾ, ਅਲੱਗ ਅਲੱਗ ਵੇਸ-ਭੂਸ਼ਾ, ਅਤੇ ਅਲੱਗ ਅਲੱਗ ਦਿਸ਼ਾ ਵਲ ਘੂਰਦੇ ਹੋਏ, ਫ਼ਰੀਜ ਹੋਏ, ਭੀੜ ਵਿਚ ਤੈਰ ਰਹੀ ਇਕੱਲ ਦਾ ਪ੍ਰਭਾਵ ਉਤਪੰਨ ਕਰਦੇ ਹਨ। ਇਸ ਸਮੇਂ ਕੋਈ ਯੋਗ ਕਰ ਰਿਹਾ ਹੈ ਤੇ ਕੋਈ ਐਕਰੋਬੈਟਿਕਸ, ਕੋਈ ਨ੍ਰਿਤ ਕਰ ਰਿਹਾ ਹੈ ਤੇ ਕੋਈ ਮੇਕ-ਅੱਪ। ਕੋਈ ਹੱਸ ਰਿਹਾ ਹੈ ਤੇ ਕੋਈ ਖ਼ਾਮੋਸ਼ ਸਮਾਧੀ ਵਿਚ ਜੁੜਿਆ ਬੈਠਾ ਹੈ। (ਪਾਤਰਾਂ ਦੇ ਕਾਰਜ ਨੂੰ ਵੱਖ ਵੱਖ ਰੂਪਾਂ ਵਿਚ ਵਿਖਾਇਆ ਜਾ ਸਕਦਾ ਹੈ।)

ਸਪਾਟ ਲਾਈਟ, ਵੱਖ ਵੱਖ ਰੰਗਾਂ ਵਿਚ, ਇਨ੍ਹਾਂ ਦੇ ਨਾਟਕੀ ਕਾਰਜ ਨੂੰ ਉਜਾਗਰ ਕਰਦੀ ਹੈ। ਇਹ ਪਾਤਰ, ਇਕੱਲੇ ਇਕੱਲੇ, ਮੰਚ ਦੀ ਅੱਗਰਭੂਮੀ ਵਿਚ ਵੀ ਆ ਸਕਦੇ ਹਨ।

ਸਿਆਸਤ, ਧਰਮ, ਤਸਕਰੀ, ਦਰਸ਼ਨ ਅਤੇ ਮਨੋਵਿਗਿਆਨਕ ਗੁੰਝਲਾਂ ਆਦਿ ਦੀਆਂ ਇਕੱਲਾਂ ਨੂੰ ਨਿੱਕੇ, ਨਿੱਕੇ, ਪਰ ਅਲੱਗ, ਅਲੱਗ ਦਾਇਰਿਆਂ ਵਿਚ ਮੰਚ ਉਤੋਂ ਗੁਜ਼ਾਰਿਆ ਜਾ ਸਕਦਾ ਹੈ। ਜਾਂ ਫਿਰ ਪਿੱਠਭੂਮੀ ਦੇ ਚਿਤਰਪੱਟ ਉੱਤੇ, ਕੰਪਿਊਟਰੀ ਜੁਗਤਾਂ ਤੇ ਸਿਨਮੈਟਿਕ ਤਕਨੀਕ ਦੁਆਰਾ ਅਜਿਹੇ ਪ੍ਰਭਾਵ ਉਤਪੰਨ ਕੀਤੇ ਜਾ ਸਕਦੇ ਹਨ।

ਦਰਸ਼ਨੀ ਪ੍ਰਭਾਵਾਂ, ਸੰਗੀਤਕ ਧੁਨਾਂ ਅਤੇ ਰੌਸ਼ਨੀ ਪ੍ਰਭਾਵਾਂ ਦੁਆਰਾ ਇਸ ਦ੍ਰਿਸ਼ ਵਿਚ ਗਤੀ ਅਤੇ ਤੀਖਣਤਾ ਲਿਆਂਦੀ ਜਾ ਸਕਦੀ ਹੈ।

ਮੰਚ ਉੱਤੇ, ਇਸ ਕਾਵਿ-ਨਾਟਕ ਦੇ ਪਾਤਰਾਂ ਦਾ ਇਹ ਕਾਰਜ ਜਾਰੀ ਰਹਿੰਦਾ ਹੈ ਅਤੇ ਇਸ ਸਮੇਂ 'ਕਵੀ' ਮੰਚ ਦੀ ਅੱਗਰਭੂਮੀ ਵਿਚ ਆ ਕੇ, ਹੇਠ ਲਿਖੇ ਬੋਲ ਬੋਲਦਾ ਹੈ :

ਪੱਤਾ, ਪੱਤਾ ਬਿਰਖ
ਪਾਣੀਏਂ ਕਿਰੇ ਪਿਆ!
ਹਰ ਪੱਤਰ ਦਾ
ਆਪੋ ਆਪਣਾ ਹੈ ਦਰਿਆ!

-ਸਾਰੇ ਪਾਤਰ ਰਲਕੇ, ਕਵੀ ਨਾਲ ਉਪ੍ਰੋਕਤ ਬੋਲ ਦੁਹਰਾਉਂਦੇ ਹਨ।

-ਪਿਛੋਕੜ ਵਿੱਚੋਂ ਇਨ੍ਹਾਂ ਸਭ ਦੇ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ। ਪ੍ਰਤੀਧੁਨੀਆਂ ਦੇ ਨਾਲ ਪਾਤਰਾਂ ਦਾ ਮੂਕ ਕਾਰਜ ਜਾਰੀ ਰਹਿੰਦਾ ਹੈ।

-ਫੇਡ ਆਊਟ-